




ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition








Tuesday 12th May 2026 | RNI: XXXXXXXXXX | website: www.mywebsite.com


## ਕਾਂਗਰਸ ਪਾਰਟੀ ਕਿਸੇ ਵੀ ਸਿਆਸੀ ਹਮਲੇ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ



ਪੰਜਾਬ ਵਿੱਚ ਕੇਂਦਰੀ ਜਾਂਚ ਏਜੰਸੀਆਂ (ਈ.ਡੀ. ਤੇ ਸੀ.ਬੀ.ਆਈ.) ਵੱਲੋਂ ਕੀਤੀਆਂ ਜਾ ਰਹੀਆਂ ਲਗਾਤਾਰ ਛਾਪੇਮਾਰੀਆਂ ਦਰਮਿਆਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ (ਆਪ) 'ਤੇ ਤਿੱਖੇ ਹਮਲੇ ਕੀਤੇ ਹਨ। ਵੜਿੰਗ ਨੇ ਦੋਵਾਂ ਪਾਰਟੀਆਂ 'ਤੇ 'ਬਦਲਾਖੋਰੀ ਦੀ ਸਿਆਸਤ' ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ।

ਬੀਤੀ ਰਾਤ ਪੰਜਾਬ ਵਿਜੀਲੈਂਸ ਬਿਊਰੋ ਦੇ ਦਫ਼ਤਰ ਵਿੱਚ ਸੀ.ਬੀ.ਆਈ. ਵੱਲੋਂ ਮਾਰੇ ਗਏ ਛਾਪੇ ਦਾ ਹਵਾਲਾ ਦਿੰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਇਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਕੰਮ ਕਰਨ ਦਾ ਇੱਕ ਤਰੀਕਾ (SOP) ਬਣ ਗਿਆ ਹੈ। ਉਨ੍ਹਾਂ ਕਿਹਾ, "ਪਹਿਲਾਂ ਕੇਂਦਰੀ ਏਜੰਸੀਆਂ ਸਿਆਸਤਦਾਨਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ, ਫਿਰ ਅਫ਼ਸਰਸ਼ਾਹੀ ਅਤੇ ਪੁਲੀਸ ਅਧਿਕਾਰੀਆਂ ਨੂੰ ਡਰਾਇਆ ਜਾਂਦਾ ਹੈ। ਇਸ ਰਾਹੀਂ ਇੱਕ ਸਾਫ਼ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਜਾਂ ਤਾਂ ਸਾਡੇ ਅਨੁਸਾਰ ਚੱਲੋ, ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹੋ।"ਵੜਿੰਗ ਨੇ ਕਿਹਾ ਕਿ ਇਨ੍ਹਾਂ ਕਾਰਵਾਈਆਂ ਦਾ ਸਮਾਂ (Timing) ਬਹੁਤ ਕੁਝ ਬਿਆਨ ਕਰਦਾ ਹੈ। ਉਨ੍ਹਾਂ ਖ਼ਦਸ਼ਾ ਜਤਾਇਆ ਕਿ ਪੰਜਾਬ ਚੋਣਾਂ ਨੇੜੇ ਆਉਂਦੇ ਹੀ ਲੋਕਤੰਤਰ 'ਤੇ ਹਮਲੇ ਤੇਜ਼ ਹੋ ਗਏ ਹਨ ਅਤੇ ਅਗਲਾ ਨਿਸ਼ਾਨਾ ਕਾਂਗਰਸੀ ਆਗੂ ਹੋਣਗੇ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਅਜਿਹੇ ਕਿਸੇ ਵੀ ਸਿਆਸੀ ਹਮਲੇ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਵੜਿੰਗ ਨੇ ਕਿਹਾ ਕਿ ਇਨ੍ਹਾਂ ਕਾਰਵਾਈਆਂ ਦਾ ਸਮਾਂ (Timing) ਬਹੁਤ ਕੁਝ ਬਿਆਨ ਕਰਦਾ ਹੈ। ਉਨ੍ਹਾਂ ਖ਼ਦਸ਼ਾ ਜਤਾਇਆ ਕਿ ਪੰਜਾਬ ਚੋਣਾਂ ਨੇੜੇ ਆਉਂਦੇ ਹੀ ਲੋਕਤੰਤਰ 'ਤੇ ਹਮਲੇ ਤੇਜ਼ ਹੋ ਗਏ ਹਨ ਅਤੇ ਅਗਲਾ ਨਿਸ਼ਾਨਾ ਕਾਂਗਰਸੀ ਆਗੂ ਹੋਣਗੇ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਅਜਿਹੇ ਕਿਸੇ ਵੀ ਸਿਆਸੀ ਹਮਲੇ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

## Cee7news ਹਰਲੀਨ ਸ਼ਰਮਾ, ਜੋ ਕਿ ਕੋਟਕਪੂਰਾ ਦੇ ਇੱਕ ਨਿੱਜੀ ਸਕੂਲ ਦੀ ਵਿਦਿਆਰਥਣ ਹੈ, ਨੇ 650 ਵਿੱਚੋਂ 650 ਅੰਕ (100%) ਪ੍ਰਾਪਤ ਕੀਤੇ ਹਨ

# ਪਹਿਲਾ ਸਥਾਨ ਹਾਸਲ ਕਰਨ ਵਾਲੀ ਹਰਲੀਨ ਸ਼ਰਮਾ CM ਭਗਵੰਤ ਸਿੰਘ ਮਾਨ ਵੱਲੋਂ ਸਨਮਾਨਿਤ

ਸੂਚਨਾ ਅਤੇ ਪ੍ਰਸਾਰਣ ਦੇ ਖੇਤਰ ਵਿੱਚ ਅੱਜ-ਕੱਲ੍ਹਨੌਜਵਾਨ ਪੀੜ੍ਹੀ ਆਪਣੀ ਮਿਹਨਤ ਅਤੇ ਲਗਨ ਸਦਕਾ ਨਵੇਂ ਮੁਕਾਮ ਹਾਸਲ ਕਰ ਰਹੀ ਹੈ। ਪੰਜਾਬ ਸਕੂਲ ਸਿੱਖਿਆ ਬੋਰਡ (PSEB) ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਕੋਟਕਪੂਰਾ ਦੀ ਧੀ ਹਰਲੀਨ ਸ਼ਰਮਾ ਨੇ ਪੂਰੇ ਸੂਬੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਨਾ ਸਿਰਫ਼ ਆਪਣੇ ਮਾਪਿਆਂ ਦਾ, ਸਗੋਂ ਪੂਰੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ।ਮਿਹਨਤ ਅਤੇ ਸਫ਼ਲਤਾ ਦੀ ਸਤਾਨ

ਹਰਲੀਨ ਸ਼ਰਮਾ, ਜੋ ਕਿ ਕੋਟਕਪੂਰਾ ਦੇ ਇੱਕ ਨਿੱਜੀ ਸਕੂਲ ਦੀ ਵਿਦਿਆਰਥਣ ਹੈ, ਨੇ 650 ਵਿੱਚੋਂ 650 ਅੰਕ (100%) ਪ੍ਰਾਪਤ ਕੀਤੇ ਹਨ। ਇਹ ਪ੍ਰਾਪਤੀ ਕੋਈ ਮਾਮੂਲੀ ਗੱਲ ਨਹੀਂ ਹੈ। ਇਸ ਸਫ਼ਲਤਾ ਪਿੱਛੇ ਹਰਲੀਨ ਦੀ ਦਿਨ-ਰਾਤ ਦੀ ਮਿਹਨਤ, ਅਨੁਸ਼ਾਸਨ ਅਤੇ ਪੜ੍ਹਾਈ ਪ੍ਰਤੀ ਉਸਦਾ ਜਨੂੰਨ ਸਾਫ਼ ਦਿਖਾਈ ਦਿੰਦਾ ਹੈ। ਹਰਲੀਨ ਨੇ ਦੱਸਿਆ ਕਿ ਉਸ ਨੇ ਕਦੇ ਵੀ ਪੜ੍ਹਾਈ ਨੂੰ ਬੋਝ ਨਹੀਂ ਸਮਝਿਆ, ਸਗੋਂ ਹਮੇਸ਼ਾ ਇੱਕ ਮਿੱਥੇ ਹੋਏ ਟਾਈਮ-ਟੇਬਲ ਅਨੁਸਾਰ ਤਿਆਰੀ ਕੀਤੀ।ਪਰਿਵਾਰ ਅਤੇ ਅਧਿਆਪਕਾਂ ਦਾ ਸਹਿਯੋਗਹਰਲੀਨ ਦੀ ਇਸ ਸ਼ਾਨਦਾਰ ਜਿੱਤ ਵਿੱਚ ਉਸਦੇ ਪਰਿਵਾਰ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਉਸਦੇ ਪਿਤਾ, ਜੋ ਕਿ ਇੱਕ ਸਾਧਾਰਨ ਕਿੱਤੇ ਨਾਲ ਜੁੜੇ ਹੋਏ ਹਨ, ਅਤੇ ਉਸਦੀ ਮਾਤਾ ਨੇ ਹਮੇਸ਼ਾ ਉਸਨੂੰ ਉੱਚੇ ਸੁਪਨੇ ਦੇਖਣ ਅਤੇ ਉਹਨਾਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ। ਘਰ ਵਿੱਚ ਪੜ੍ਹਾਈ ਦਾ ਸੁਖਾਵਾਂ ਮਾਹੌਲ ਪ੍ਰਦਾਨ ਕਰਨਾ ਅਤੇ ਹਰ ਮੁਸ਼ਕਲ ਘੜੀ ਵਿੱਚ ਉਸਦਾ ਸਾਥ ਦੇਣਾ ਹੀ ਉਸਦੀ ਸਫ਼ਲਤਾ ਦੀ ਨੀਂਹ ਬਣਿਆ।ਇਸ ਦੇ ਨਾਲ ਹੀ, ਸਕੂਲ ਦੇ ਅਧਿਆਪਕਾਂ ਨੇ ਵੀ ਹਰਲੀਨ ਦੀ ਕਾਬਲੀਅਤ ਨੂੰ ਪਛਾਣਦਿਆਂ ਉਸਨੂੰ ਸਹੀ ਸੇਧ ਦਿੱਤੀ। ਅਧਿਆਪਕਾਂ ਅਨੁਸਾਰ ਹਰਲੀਨ ਸ਼ੁਰੂ ਤੋਂ ਹੀ ਇੱਕ ਹੋਣਹਾਰ ਅਤੇ ਆਗਿਆਕਾਰੀ ਵਿਦਿਆਰਥਣ ਰਹੀ ਹੈ। ਉਸਦੀ ਜਿਗਿਆਸਾ ਅਤੇ ਸਵਾਲ ਪੁੱਛਣ ਦੀ ਆਦਤ ਨੇ ਉਸਨੂੰ ਵਿਸ਼ਿਆਂ ਦੀ ਡੂੰਘਾਈ ਤੱਕ ਪਹੁੰਚਣ ਵਿੱਚ ਮਦਦ ਕੀਤੀ।ਸਮਾਜ ਲਈ ਪ੍ਰੇਰਨਾਹਰਲੀਨ ਦੀ ਇਹ ਪ੍ਰਾਪਤੀ ਅੱਜ ਦੇ ਦੌਰ ਵਿੱਚ ਉਹਨਾਂ ਸਾਰੀਆਂ ਕੁੜੀਆਂ ਲਈ ਇੱਕ ਮਿਸਾਲ ਹੈ ਜੋ ਸੀਮਤ ਸਾਧਨਾਂ ਦੇ ਬਾਵਜੂਦ ਕੁਝ ਵੱਡਾ ਕਰਨਾ ਚਾਹੁੰਦੀਆਂ ਹਨ। ਪੰਜਾਬ ਦੇ ਮਾਲਵਾ ਖੇਤਰ ਦੇ ਇੱਕ ਛੋਟੇ ਜਿਹੇ ਸ਼ਹਿਰ ਕੋਟਕਪੂਰਾ ਤੋਂ ਨਿਕਲ ਕੇ ਸੂਬੇ ਭਰ ਵਿੱਚੋਂ ਅੱਵਲ ਆਉਣਾ ਇਹ ਸਾਬਤ ਕਰਦਾ ਹੈ ਕਿ ਜੇਕਰ ਇਰਾਦੇ ਮਜ਼ਬੂਤ ਹੋਣ ਤਾਂ ਮੰਜ਼ਿਲ ਦੂਰ ਨਹੀਂ ਹੁੰਦੀ।ਜਿਵੇਂ ਹੀ ਹਰਲੀਨ ਦੇ ਪਹਿਲੇ ਸਥਾਨ 'ਤੇ ਆਉਣ ਦੀ ਖ਼ਬਰ ਫੈਲੀ, ਉਸਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਇਲਾਕਾ ਨਿਵਾਸੀਆਂ ਅਤੇ ਸਿਆਸੀ ਆਗੂਆਂ ਨੇ

ਪਰਿਵਾਰ ਨੂੰ ਮੁਬਾਰਕਬਾਦ ਦਿੱਤੀ ਅਤੇ ਹਰਲੀਨ ਦੇ ਉੱਜਵਲ



ਭਵਿੱਖ ਦੀ ਕਾਮਨਾ ਕੀਤੀ।ਭਵਿੱਖ ਦੇ ਟੀਚੇਆਪਣੇ ਭਵਿੱਖ ਬਾਰੇ ਗੱਲ ਕਰਦਿਆਂ ਹਰਲੀਨ ਨੇ ਦੱਸਿਆ ਕਿ ਉਹ ਅੱਗੇ ਜਾ ਕੇ ਪ੍ਰਸ਼ਾਸਨਿਕ ਸੇਵਾਵਾਂ (IAS) ਵਿੱਚ ਜਾਣਾ ਚਾਹੁੰਦੀ ਹੈ ਤਾਂ ਜੋ ਉਹ ਸਮਾਜ ਦੀ ਸੇਵਾ ਕਰ

ਸਕੇ ਅਤੇ ਦੇਸ਼ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਸਕੇ। ਉਹ ਚਾਹੁੰਦੀ ਹੈ ਕਿ ਉਹ ਆਪਣੀ ਕਾਬਲੀਅਤ ਨਾਲ ਸਿਸਟਮ ਵਿੱਚ ਸੁਧਾਰ ਲਿਆਵੇ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰੇ।ਸਿੱਖਿਆ ਪ੍ਰਣਾਲੀ ਅਤੇ ਨਤੀਜੇਇਸ ਸਾਲ ਦੇ ਪੰਜਾਬ ਬੋਰਡ ਦੇ ਨਤੀਜਿਆਂ ਨੇ ਇੱਕ ਵਾਰ ਫਿਰ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਕੁੜੀਆਂ ਮੁੰਡਿਆਂ ਨਾਲੋਂ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਹਨ। ਮੈਰਿਟ ਸੂਚੀ ਵਿੱਚ ਕੁੜੀਆਂ ਦਾ ਦਬਦਬਾ ਇਸ ਗੱਲ ਦਾ ਪ੍ਰਤੀਕ ਹੈ ਕਿ ਜੇਕਰ ਧੀਆਂ ਨੂੰ ਬਰਾਬਰ ਦੇ ਮੌਕੇ ਮਿਲਣ ਤਾਂ ਉਹ ਅਸਮਾਨ ਦੀਆਂ ਉਚਾਈਆਂ ਨੂੰ ਛੂਹ ਸਕਦੀਆਂ ਹਨ।ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਵੀ ਅਜਿਹੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਅਤੇ ਸਹਾਇਤਾ ਦੇਣ ਦੀ ਲੋੜ ਹੈ ਤਾਂ ਜੋ ਉਹਨਾਂ ਦਾ ਮਨੋਬਲ ਵਧ ਸਕੇ। ਹਰਲੀਨ ਵਰਗੇ ਬੱਚੇ ਹੀ ਦੇਸ਼ ਦਾ ਅਸਲ ਸਰਮਾਇਆ ਹਨ।

## Cee7news ਚੰਡੀਗੜ੍ਹ ਵਿੱਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਕੀਤੀ ਗਈ ਇੱਕ ਵੱਡੀ ਕਾਰਵਾਈ ਦੌਰਾਨ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ

# ਸੀ.ਬੀ.ਆਈ. ਨੇ ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਨਾਮਜ਼ਦ ਕੀਤਾ ਹੈ

ਚੰਡੀਗੜ੍ਹ ਵਿੱਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਕੀਤੀ ਗਈ ਇੱਕ ਵੱਡੀ ਕਾਰਵਾਈ ਦੌਰਾਨ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਇੱਕ ਭਾਜਪਾ ਆਗੂ, ਉਸਦੇ ਪਿਤਾ ਅਤੇ ਇੱਕ ਸਹਿਯੋਗੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਮਾਮਲੇ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:ਮੁੱਖ ਘਟਨਾ ਅਤੇ ਗ੍ਰਿਫ਼ਤਾਰੀਆਂਸੀ.ਬੀ.ਆਈ. ਨੇ 20 ਲੱਖ ਰੁਪਏ ਦੀ ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਵਿਕਾਸ ਉਰਫ਼ ਵਿੱਕੀ ਗੋਇਲ (ਭਾਜਪਾ ਆਗੂ) ਅਤੇ ਉਸ ਦੇ ਪੁੱਤਰ ਰਾਘਵ ਗੋਇਲ ਨੂੰ ਨਾਮਜ਼ਦ ਕੀਤਾ ਹੈ। ਇਸ ਕਾਰਵਾਈ ਦੌਰਾਨ ਸੀ.ਬੀ.ਆਈ. ਨੇ ਉਨ੍ਹਾਂ ਦੇ ਇੱਕ ਸਾਥੀ ਅੰਕਿਤ ਵਧਵਾ ਨੂੰ 13 ਲੱਖ ਰੁਪਏ ਦੀ ਨਕਦੀ ਅਤੇ ਇੱਕ ਮਹਿੰਗਾ ਮੋਬਾਈਲ ਫ਼ੋਨ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ।ਇਹ ਸਾਰੀ ਕਾਰਵਾਈ ਇੱਕ ਫਿਲਮੀ ਅੰਦਾਜ਼ ਵਿੱਚ ਹੋਈ। ਜਦੋਂ ਸੀ.ਬੀ.ਆਈ. ਨੇ ਜਾਲ ਵਿਛਾਇਆ ਤਾਂ ਮੁਲਜ਼ਮਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਜਾਂਚ ਟੀਮ ਨੇ ਪੰਜਾਬ-ਹਰਿਆਣਾ ਸਰਹੱਦ 'ਤੇ ਅੰਬਾਲਾ ਦੇ ਨੇੜੇ ਰਾਘਵ ਗੋਇਲ, ਵਿੱਕੀ ਗੋਇਲ ਅਤੇ ਉਨ੍ਹਾਂ ਦੇ ਦੋ ਸਰਕਾਰੀ ਗੰਨਮੈਨਾਂ ਨੂੰ ਦਬੋਚ ਲਿਆ।ਮਾਮਲੇ ਦੀ ਪਿੱਠਭੂਮੀ

ਇਹ ਮਾਮਲਾ ਪੰਜਾਬ ਦੇ ਇੱਕ ਸਟੇਟ ਟੈਕਸ ਅਫ਼ਸਰ (STO) ਦੀ ਸ਼ਿਕਾਇਤ 'ਤੇ ਅਧਾਰਤ ਹੈ। ਸ਼ਿਕਾਇਤਕਰਤਾ ਅਨੁਸਾਰ, ਉਸ ਦੇ ਖਿਲਾਫ ਪੰਜਾਬ ਵਿਜੀਲੈਂਸ ਬਿਊਰੋ ਵਿੱਚ ਇੱਕ ਸ਼ਿਕਾਇਤ ਲੰਬਿਤ ਸੀ। ਵਿੱਕੀ ਗੋਇਲ ਅਤੇ ਉਸ ਦਾ ਪੁੱਤਰ ਰਾਘਵ, ਜੋ ਕਿ ਵਿਜੀਲੈਂਸ ਦੇ ਉੱਚ ਅਧਿਕਾਰੀਆਂ ਦੇ ਵਿਚੋਲੇ ਵਜੋਂ ਕੰਮ ਕਰ ਰਹੇ ਸਨ, ਨੇ ਇਸ ਸ਼ਿਕਾਇਤ ਨੂੰ ਰਫ਼ਾ-ਦਫ਼ਾ ਕਰਨ ਬਦਲੇ 20 ਲੱਖ ਰੁਪਏ ਦੀ ਮੰਗ ਕੀਤੀ ਸੀ।ਬਾਅਦ ਵਿੱਚ ਸੌਦਾ 13 ਲੱਖ ਰੁਪਏ ਨਕਦ ਅਤੇ ਇੱਕ ਮਹਿੰਗੇ ਮੋਬਾਈਲ ਫ਼ੋਨ (Samsung Galaxy Z Fold 7) 'ਤੇ ਤੈਅ ਹੋਇਆ। ਇਹ ਮੋਬਾਈਲ ਫ਼ੋਨ ਕਥਿਤ ਤੌਰ 'ਤੇ ਵਿਜੀਲੈਂਸ ਦੇ ਇੱਕ ਸੀਨੀਅਰ ਅਧਿਕਾਰੀ ਦੇ ਰੀਡਰ ਲਈ ਲਿਆ ਜਾਣਾ ਸੀ।ਵੱਡੇ ਅਧਿਕਾਰੀ ਦੇ ਰੀਡਰ ਦੀ ਭੂਮਿਕਾਚ ਵਿੱਚ ਇਹ ਸਾਹਮਣੇ ਆਇਆ ਹੈ ਕਿ ਪੰਜਾਬ ਵਿਜੀਲੈਂਸ ਦੇ ਮੁੱਖ ਡਾਇਰੈਕਟਰ ਦਾ ਰੀਡਰ, ਓ.ਪੀ. ਰਾਣਾ, ਇਸ ਪੂਰੇ ਘੁਟਾਲੇ ਵਿੱਚ ਅਹਿਮ ਕੜੀ ਸੀ। ਸੀ.ਬੀ.ਆਈ. ਦੇ ਅਨੁਸਾਰ, ਇਹ ਰਿਸ਼ਵਤ ਰਾਣਾ ਦੇ ਨਾਮ 'ਤੇ ਹੀ ਮੰਗੀ ਜਾ ਰਹੀ ਸੀ। ਫਿਲਹਾਲ ਓ.ਪੀ. ਰਾਣਾ ਫਰਾਰ ਦੱਸਿਆ ਜਾ ਰਿਹਾ ਹੈ ਅਤੇ ਸੀ.ਬੀ.ਆਈ. ਉਸ ਦੀ ਭਾਲ ਵਿੱਚ ਲਗਾਤਾਰ ਛਾਪੇਮਾਰੀ ਕਰ ਰਹੀ ਹੈ।ਰਾਜਨੀਤਿਕ ਅਤੇ ਪ੍ਰਸ਼ਾਸਨਿਕ ਹਲਚਲਇਸ ਗ੍ਰਿਫ਼ਤਾਰੀ ਨੇ ਪੰਜਾਬ ਦੀ ਰਾਜਨੀਤੀ ਅਤੇ ਪ੍ਰਸ਼ਾਸਨ ਵਿੱਚ ਹੜਕੰਪ ਮਚਾ ਦਿੱਤਾ ਹੈ। ਕਿਉਂਕਿ ਮੁੱਖ ਮੁਲਜ਼ਮ ਭਾਜਪਾ ਨਾਲ ਜੁੜਿਆ ਹੋਇਆ ਹੈ, ਇਸ ਲਈ ਵਿਰੋਧੀ ਧਿਰਾਂ ਵੱਲੋਂ ਸਰਕਾਰ ਅਤੇ ਸਿਸਟਮ 'ਤੇ ਸਵਾਲ ਚੁੱਕੇ ਜਾ ਰਹੇ ਹਨ। ਦੂਜੇ ਪਾਸੇ, ਪੰਜਾਬ ਵਿਜੀਲੈਂਸ ਬਿਊਰੋ ਨੇ ਵੀ ਇਸ ਮਾਮਲੇ ਵਿੱਚ ਆਪਣਾ ਪੱਖ ਰੱਖਦਿਆਂ ਕਿਹਾ ਹੈ ਕਿ ਉਹ ਸੀ.ਬੀ.ਆਈ. ਨੂੰ ਜਾਂਚ ਵਿੱਚ ਪੂਰਾ ਸਹਿਯੋਗ ਦੇਣਗੇ। ਸਿੱਟਾਸੀ.ਬੀ.ਆਈ. ਨੇ ਮੁਲਜ਼ਮਾਂ ਕੋਲੋਂ ਰਿਸ਼ਵਤ ਦੀ ਰਕਮ ਅਤੇ ਮੋਬਾਈਲ ਫ਼ੋਨ ਬਰਾਮਦ ਕਰ ਲਏ ਹਨ। ਅਦਾਲਤ ਵਿੱਚ ਪੇਸ਼ੀ ਤੋਂ ਬਾਅਦ ਉਨ੍ਹਾਂ ਦਾ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਇਸ ਰਿਸ਼ਵਤਖੋਰੀ ਦੇ ਨੈੱਟਵਰਕ ਵਿੱਚ ਸ਼ਾਮਲ ਹੋਰ ਵੱਡੇ ਅਧਿਕਾਰੀਆਂ ਦੇ ਨਾਮ ਸਾਹਮਣੇ ਆ ਸਕਣ। ਇਹ ਘਟਨਾ ਦਰਸਾਉਂਦੀ ਹੈ ਕਿ ਕਿਵੇਂ ਵਿਚੋਲੇ ਸਰਕਾਰੀ ਅਧਿਕਾਰੀਆਂ ਦੇ ਨਾਮ ਦੀ ਵਰਤੋਂ ਕਰਕੇ ਭ੍ਰਿਸ਼ਟਾਚਾਰ ਨੂੰ ਅੰਜਾਮ ਦਿੰਦੇ ਹਨ।




ਇਸ ਮਾਮਲੇ ਵਿੱਚ ਆਪਣਾ ਪੱਖ ਰੱਖਦਿਆਂ ਕਿਹਾ ਹੈ ਕਿ ਉਹ ਸੀ.ਬੀ.ਆਈ. ਨੂੰ ਜਾਂਚ ਵਿੱਚ ਪੂਰਾ ਸਹਿਯੋਗ ਦੇਣਗੇ।ਸਿੱਟਾਸੀ.ਬੀ.ਆਈ. ਨੇ ਮੁਲਜ਼ਮਾਂ ਕੋਲੋਂ ਰਿਸ਼ਵਤ ਦੀ ਰਕਮ ਅਤੇ ਮੋਬਾਈਲ ਫ਼ੋਨ ਬਰਾਮਦ ਕਰ ਲਏ ਹਨ। ਅਦਾਲਤ ਵਿੱਚ ਪੇਸ਼ੀ ਤੋਂ ਬਾਅਦ ਉਨ੍ਹਾਂ ਦਾ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਇਸ ਰਿਸ਼ਵਤਖੋਰੀ ਦੇ ਨੈੱਟਵਰਕ ਵਿੱਚ ਸ਼ਾਮਲ ਹੋਰ ਵੱਡੇ ਅਧਿਕਾਰੀਆਂ ਦੇ ਨਾਮ ਸਾਹਮਣੇ ਆ ਸਕਣ। ਇਹ ਘਟਨਾ ਦਰਸਾਉਂਦੀ ਹੈ ਕਿ ਕਿਵੇਂ ਵਿਚੋਲੇ ਸਰਕਾਰੀ ਅਧਿਕਾਰੀਆਂ ਦੇ ਨਾਮ ਦੀ ਵਰਤੋਂ ਕਰਕੇ ਭ੍ਰਿਸ਼ਟਾਚਾਰ ਨੂੰ ਅੰਜਾਮ ਦਿੰਦੇ ਹਨ।

## ਜ਼ਿੰਦਗੀ ਬਦਲਣ ਵਾਲੇ ਅਨਮੁੱਲੇ ਵਿਚਾਰ



**ਅਚਾਨਕ...**

ਜੋ ਕੁੱਝ ਅਚਾਨਕ ਵਾਪਰਦੈ ਉਸਦੀ ਚਿੰਤਾ ਕਰਨੀ ਛੱਡੋ। ਲੋੜ ਮੁਤਾਬਕ ਜਰੂਰ ਸੋਚੋ। ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥ ਸਭ ਕੁੱਝ ਨੂੰ ਹੋਣੀ ਕਹਿ ਕੇ ਛੱਡਣਾ ਵੀ ਸਿਆਣਪ ਨਹੀਂ। ਢੇਰੀ ਕਦੀ ਨਾ ਢਾਓ। ਹਿੰਮਤ ਕਰੋ। ਜੋ ਸੈੱਟ ਰੱਖ ਸਕਦੇ ਹੋਂ , ਰੱਖੋ। ਹਿੰਮਤ ਏ ਮਰਦਾ ਮੱਦਦ ਏ ਖੁੱਦਾ॥ ਕੁੱਝ ਵੀ ਕਦੀ ਰੁਕਦਾ ਨਹੀਂ। ਚੱਲਣਾ ਹੀ ਜ਼ਿੰਦਗੀ ਹੈ। ਕੁੱਝ ਵਰਤਾਰੇ ਸਾਡੇ ਦਾਇਰੇ ਤੋਂ ਬਾਹਰ ਹੁੰਦੇ ਨੇ। ਨਾਲੋ ਨਾਲ ਨਿਭਦੇ ਰਹੋ॥


**ਸਹਿਜ...**

ਮਨ ਦਾ ਚਿੰਤਨ ਸਹਿਜ ਰੱਖਣਾ ਆ ਗਿਆ ਤਾਂ ਸਮਝੋ ਦੁਨੀਆਂ ਜਿੱਤ ਲਈ। ਮਨੁ ਜੀਤੇ ਜਗੁ ਜੀਤ॥ ਸਹਿਜ ਵਿਅਕਤੀ ਸਰੀਰਕ ਤੇ ਮਾਨਸਿਕ ਰੋਗਾਂ ਤੋਂ ਬਚਿਆ ਰਹਿੰਦੈ। ਉਮਰ ਵੀ ਵੱਧ ਭੋਗਦੈ॥ ਸਹਿਜ ਰਹਿਣੈ ਤਾਂ ਸਭ ਸਰੀਰ ਨਹੀਂ, ਆਤਮਾਂ ਸਮਝੋ। ਦੇਹ ਦਾ ਅਭਿਮਾਨ ਛੱਡੋ। ਜ਼ਿੰਦਗੀ ਸ਼ਾਨਦਾਰ ਬੀਤਣ ਲੱਗ ਪਵੇਗੀ॥

-ਦਰਸ਼ਨ ਸਿੰਘ ਬਰੇਟਾ

ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਮਾਨਸਾ।

## ਨੇਕੀ ਬੀਜਣ ਵਾਲਾ ਹਮੇਸ਼ਾਂ ਸੁੱਖ ਰੂਪੀ ਫਲ ਕੱਟਦਾ ਹੈ



ਨੇਕੀ ਬੀਜਣ ਵਾਲਾ ਹਮੇਸ਼ਾਂ ਸੁੱਖ ਰੂਪੀ ਫਲ ਕੱਟਦਾ ਹੈ। ਨੇਕੀ ਦਾ ਫਲ ਭਾਵੇਂ ਛੇਤੀ ਨਾਲ ਨਹੀਂ ਮਿਲਦਾ ਕਿਉਂਕਿ ਨੇਕ ਇਨਸਾਨ ਵਿੱਚ ਸਬਰ ਅਤੇ ਸੰਤੋਖ ਦੀ ਭਾਵਨਾ ਵੀ ਬਹੁਤ ਜਿਆਦਾ ਹੁੰਦੀ ਹੈ ਅਤੇ ਸਬਰ ਦਾ ਫਲ ਜਦੋਂ ਉਸਨੂੰ ਮਿਲਦਾ ਹੈ ਤਾਂ ਉਸ ਦੀ ਜ਼ਿੰਦਗੀ ਵਿੱਚ ਸਾਰਾ ਕੁੱਝ ਵਧੀਆ ਹੁੰਦਾ ਹੈ। ਕਹਿੰਦੇ ਨੇ ਰੱਬ ਦੇ ਘਰ ਦੇਰ ਜਰੂਰ ਹੋ ਸਕਦੀ ਹੈ ਪਰ ਹਨੇਰ ਨਹੀਂ ਓਹ ਨੇਕ ਰੂਹਾਂ ਦੇ ਸਬਰ ਦੀ ਪਰਖ ਕਰਦਾ ਹੈ ਪਰ ਉਹਨਾਂ ਨੂੰ ਨਿਰਾਸ਼ ਨਹੀਂ ਹੋਣ ਦਿੰਦਾ ।ਇਸੇ ਲਈ ਤੇ ਕਹਿੰਦੇ ਹਨ ਨੇਕੀ ਕਦੇ ਮਰਦੀ ਨਹੀਂ ਓਹ ਮੁੜਕੇ ਓਸ ਇਨਸਾਨ ਕੋਲ ਕਿਸੇ ਨਾ ਕਿਸੇ ਰੂਪ ਵਿੱਚ ਵਾਪਸ ਜਰੂਰ ਆਉਂਦੀ ਹੈ ਸੋ ਹਮੇਸ਼ਾਂ ਚੰਗੇ ਕਰਮ ਕਰਦੇ ਰਹੋ ,ਚੰਗਾ ਸੋਚੋ ,ਚੰਗੇ ਬੋਲ ਬੋਲੋ ,ਇਸਦਾ ਨਤੀਜਾ ਵੀ ਚੰਗਾ ਹੀ ਨਿਕਲੇਗਾ।✍️ਹਰਵਿੰਦਰ ਕੌਰ ਕਾਹਲੋਂ

## ਕਹਾਣੀ - ਮੈਂ ਤਾਂ ਰੱਬ ਬਣ ਗਿਆ



ਇੱਕ ਵਾਰ ਬੱਚਿਆਂ ਦੇ ਕਹਿਣ ਤੇ ਮੈਡਮ ਜੀ ਨੇ ਛੁੱਟੀਆਂ ਦਾ ਕੰਮ ਨਾ ਦਿੱਤਾ। ਬੱਚੇ ਬਹੁਤ ਖੁਸ਼ ਹੋਏ । ਮੈਡਮ ਨੇ ਕਿਹਾ,"ਪਰ ਤੁਸੀਂ ਛੁੱਟੀਆਂ ਵਿੱਚ ਆਪਣੇ ਮਾਤਾ ਪਿਤਾ ਦੀ ਕਿਸੇ ਕੰਮ ਵਿੱਚ ਮਦਦ ਕਰਨੀ ਹੈ ,ਜਿਸ ਨਾਲ ਉਨ੍ਹਾਂ ਨੂੰ ਖੁਸ਼ੀ ਮਿਲੇ ।"

ਅਨਮੋਲ ਛੁੱਟੀਆਂ ਦੇ ਪਹਿਲੇ ਦਿਨ ਹੀ ਸਵੇਰੇ 6 ਵਜੇ ਉਠਿਆ। ਉਸ ਨੇ ਸੋਚਿਆ ਕਿ ਅੱਜ ਮੈਂ ਮੰਮੀ ਨੂੰ ਕੰਮ ਕਰਦੇ ਹੋਏ ਦੇਖਾਂਗਾ ਤੇ ਜੋ ਕੰਮ ਸੌਖਾ ਲੱਗੇਗਾ ,ਉਸ ਵਿੱਚ ਹਰ ਰੋਜ਼ ਮਦਦ ਕਰਾਂਗਾ।ਮੰਮੀ ਉਸ ਦੇ ਉਠਣ ਤੋਂ ਪਹਿਲਾਂ ਹੀ ਨਹਾ ਧੋ ਕੇ ਰਸੋਈ ਵਿਚ ਡੈਡੀ ਲਈ ਨਾਸ਼ਤਾ ਤਿਆਰ ਕਰ ਰਹੇ ਸਨ ਤੇ ਨਾਲ ਹੀ ਨਾਲ ਡੈਡੀ ਦੇ ਲਈ ਦੁਪਹਿਰ ਦਾ ਟਿਫਨ ਵੀ ਬਣਾ ਰਹੇ ਸਨ।ਡੈਡੀ ਨੂੰ ਕੰਮ ਤੇ ਭੇਜ ਕੇ ਮੰਮੀ ਨੇ ਦਾਦਾ-ਦਾਦੀ ਨੂੰ ਨਾਸ਼ਤਾ ਦਿੱਤਾ ਅਤੇ ਫਿਰ ਸਾਨੂੰ ਭੈਣ-ਭਰਾਵਾਂ ਨੂੰ ਨਹਾ - ਧੁਆ ਕੇ ਨਾਸ਼ਤਾ ਖਵਾਇਆ। ਬਾਅਦ ਵਿਚ ਉਨ੍ਹਾਂ ਨੇ ਸਾਰੇ ਘਰ ਦੀ ਸਫਾਈ ਕੀਤੀ ਤੇ ਫਿਰ ਕੱਪੜੇ ਧੋ ਕੇ ਦੁਪਹਿਰ ਦੇ ਖਾਣੇ ਵੱਲ ਹੋ ਗਏ। ਉਸ ਤੋਂ ਬਾਅਦ ਕੁਝ ਦੇਰ ਬੱਚਿਆਂ ਨੂੰ ਕੋਲ ਬਿਠਾ ਕੇ ਪੜ੍ਹਾਇਆ। ਸ਼ਾਮ ਨੂੰ ਚਾਹ ਪੀ ਕੇ ਪਾਠ ਕੀਤਾ । ਧੋਤੇ ਹੋਏ ਕੱਪੜੇ ਸਾਂਭੇ। ਫਿਰ ਉਹ ਰਾਤ ਦੇ ਖਾਣੇ ਦੀ ਤਿਆਰੀ ਕਰਨ ਲੱਗੇ। ਸਾਰਿਆਂ ਨੂੰ ਰਾਤ ਦੀ ਰੋਟੀ ਖੁਆ ਕੇ ਚੌਂਕਾ-ਭਾਂਡਾ ਸਾਂਭ ਕੇ ਸੌਣ ਲੱਗੇ ਬੱਚਿਆਂ ਨੂੰ ਕਹਾਣੀਆਂ ਸੁਣਾਈਆਂ।

ਅਨਮੋਲ ਸਾਰੀ ਰਾਤ ਇਹੀ ਸੋਚਦਾ ਰਿਹਾ ਕਿ ਮੰਮੀ ਦਾ ਤਾਂ ਕੋਈ ਵੀ ਕੰਮ ਸੌਖਾ ਨਹੀਂ।ਹੁਣ ਮੈਂ ਉਨ੍ਹਾਂ ਦੀ ਮਦਦ ਕਿਵੇਂ ਕਰਾਂ?ਤਾਂ ਉਸਨੇ ਸੌਂਦੇ ਹੋਏ ਆਪਣੀ ਮੰਮੀ ਨੂੰ ਹੀ ਪੁੱਛਿਆ ਕਿ ਮੰਮੀ ਜੇ ਰੱਬ ਤੁਹਾਡੇ ਕੋਲ ਆਵੇ ਅਤੇ ਤੁਹਾਡੀ ਕਿਸੇ ਕੰਮ ਵਿੱਚ ਮਦਦ ਲਈ ਪੁੱਛੇ ਤਾਂ ਤੁਸੀਂ ਕੀ ਕਹੋਗੇ ? ਮਾਂ ਨੇ ਹੱਸਦੇ ਹੋਏ ਕਿਹਾ ਕਿ ਮੈਂ ਚਾਹੁੰਦੀ ਹਾਂ, ਹਰ ਰੋਜ਼ ਸਵੇਰੇ ਕੋਈ ਚਾਹ ਦਾ ਇਕ ਕੱਪ ਮੈਨੂੰ ਬਣਿਆ ਬਣਾਇਆ ਦੇ ਦੇਵੇ, ਬੱਸ !

ਅਨਮੋਲ ਹੈਰਾਨ ਸੀ ਕਿ ਮਾਂ ਨੇ ਏਨੇ ਔਖੇ ਕੰਮ ਛਡ ਰੱਬ ਤੋਂ ਮੰਗਿਆ ਕੀ - ਇੱਕ ਕੱਪ ਚਾਹ...

ਖ਼ੈਰ ਫਿਰ ਅਨਮੋਲ ਅਗਲੇ ਦਿਨ ਤੋਂ ਹੀ ਸਵੇਰੇ ਪੰਜ ਵਜੇ ਉਠਿਆ ਅਤੇ ਚਾਹ ਦਾ ਕੱਪ ਬਣਾ ਕੇ ਮਾਂ ਨੂੰ ਆਖਦਾ ਉੱਠ ਮਾਂ ਚਾਹ ਪੀ ਲੈ ।

ਮਾਂ ਉੱਠੀ,ਅੱਖਾਂ ਨਮ ਤੇ ਆਖਦੀ ,"ਓਏ !ਮੇਰਾ ਪੁੱਤ ਤਾਂ ਰੱਬ ਬਣ ਗਿਆ।"

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# "ਮਾਂ ਪਿਆਰੀ ਮਾਂ"



" ਮਾਂ ਪਿਆਰੀ ਮਾਂ"

ਕਿਤੇ ਵੀ ਠੰਢੀ ਛਾਂ ਨਾਂ ਹੁੰਦੀ

ਜੇ ਧਰਤੀ ਤੇ ਮਾਂ ਨਾਂ ਹੁੰਦੀ।

ਉਸਕੋ ਨਹੀਂ ਦੇਖਾ ਹਮ ਨੇਂ ਕਭੀ,ਪਰ ਇਸ ਕੀ ਜਰੂਰਤ ਕਿਆ ਹੋਗੀ

ਐ ਮਾਂ,ਤੇਰੀ ਸੂਰਤ ਸੇ ਅਲਗ,ਭਗਵਾਨ ਕੀ ਸੂਰਤ ਕਿਆ ਹੋਗੀ।

ਮਾਂ ਜੋ ਜਨਮ ਦੇਂਦੀ ਹੈ,ਪਾਲਣ ਪੋਸ਼ਣ ਕਰਦੀ ਹੈ।ਮਾਂ ਜੋ ਅਸਲੀ ਮਾਂ ਜਨਮ ਦਾਤੀ ਹੈ।ਪਾਲਣ ਪੋਸ਼ਣ ਕਰਨ ਵਾਲੀ ਮਾਂ ਦਾ ਕੋਈ ਵੀ ਰੂਪ ਹੋ ਸਕਦਾ ਹੈ ਚਾਚੀ,ਤਾਈ,ਦਾਦੀ ਨਾਨੀ ,ਮਾਸੀ,ਭੂਆ ਜਾਂ ਫਿਰ ਬਾਪ ਦੀ ਦੂਜੀ ਬੀਵੀ ਜਾਂ ਫਿਰ ਤਨਖਾਹ ਲੈਣ ਵਾਲੀ ਆਇਆ ਮਾਂ।

ਪਰ ਮਾਂ ਰੱਬ ਦਾ ਰੂਪ ਹੈ ਦੂਜਾ।

ਬੇਸ਼ੱਕ ਰੱਬ ਵਾਂਗ ਮਾਂ ਦੀ ਪੂਜਾ ਨਾਂ ਕੀਤੀ ਜਾਏ ਪਰ ਮਾਂ ਨੂੰ ਮਾਂ ਦਾ ਦਰਜਾ ਤਾਂ ਸਹੀ ਰੂ੍ਪ ਵਿਚ ਦੇਣਾ ਚਾਹੀਦਾ ਹੈ,ਉਸ ਦੀ ਹਸਤੀ ਨੂੰ ਬੁਲੰਦ ਰਖੋ।ਮਾਂ ਕੁਰਬਾਨੀ ਦੀ ਦੇਵੀ ਹੈ,ਮਮਤਾ ਦੀ ਮੂਰਤ ਹੈ।ਕਿਸੇ ਮੌਕੇ ਜਾਂ ਕਿਸੇ ਹਾਲਾਤ ਦੇ ਨਾਂਸਾਜ਼ ਹੋਣ ਮਾਂ ਜੇ ਵੱਖਰਾ ਵਿਚਰਦੀ ਹੈ ਤਾਂ ਉਸਨੂੰ ਬਿਨਾਂ ਕੋਈ ਓਹਲਾ ਰੱਖੇ ਆਪਣੇ ਵਿਸ਼ਵਾਸ਼ ਵਿਚ ਲੈਣ ਤੇ ਆਪਣਾ ਵਿਸ਼ਵਾਸ਼ ਕਰਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ,ਮਾਂ ਲੱਖ ਮਜਬੂਰੀਆਂ ਵਿੱਚ ਗ੍ਰਸੀ ਹੋਣ ਤੇ ਵੀ ਬੱਚੇ ਦੀ ਮਦਦ ਕਰਦੀ ਹੈ,ਪਰ ਮਾਂ ਦੀ ਮਮਤਾ ਦਾ ਨਜ਼ਾਇਜ਼ ਫਾਇਦਾ ਉਠਾਉਣਾ ਗੁਨਾਹ ਹੈ। ਪਾਪਾਂ ਦਾ ਭਾਗੀ ਬਣਾਉਂਦਾ ਹੈ।ਮਾਂ ਤਾਂ ਆਪਣੇ ਨਾਂ ਕਰਤਾ ਗੁਨਾਹ ਦੀ ਸਜ਼ਾ ਵੀ ਮਲਕੜੇ ਹੀ ਸਹਿ ਜਾਂਦੀ ਹੈ।ਮਾਂ ਦਾ ਹਿਰਦਾ ਧਰਤੀ ਵਾਂਗ ਵਿਸ਼ਾਲ ਹੈ,ਮਾਂ ਦੀ ਸਹਿਣ ਸ਼ਕਤੀ ਵੀ ਧਰਤੀ ਵਾਂਗ ਚੌਫਾਲ ਹੈ।ਇਹ ਵਿਸ਼ਾਲ ਹਿਰਦਾ ਨਾਜ਼ੁਕ ਵੀ ਇੰਨਾਂ ਹੁੰਦਾ ਹੈ ਕਿ ਹਲਕੀ ਜਿਹੀ ਚੋਟ ਲਗੇ ਤਾਂ ਡੱਕੇ ਡੋਲੇ ਖਾਣ ਲਗਦਾ ਹੈ,ਪਰ ਫਿਰ ਆਪ ਹੀ ਸੰਭਲਣ ਦੀ ਹਿੰਮਤ ਵੀ ਕਰ ਲੈਂਦਾ ਹੈ।ਮਾਂ ਹਮੇਸ਼ਾਂ ਘਰ ਪਰਿਵਾਰ ਦਾ ਸੁੱਖ ਮੰਗਦੀ ਹੈ,ਤੇ ਸੁੱਖ ਇਕੱਠੇ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ।

ਮਾਂ ਡੋਰੀ ਹੈ ਜੋ ਆਪਣੇ ਧੀਆਂ ਪੁਤਾਂ ਨੂੰ ਤੇ ਸਾਰੇ ਰਿਸ਼ਤੇ ਰੂਪੀ ਮਣਕਿਆਂ ਨੂੰ ਪਰੋ ਕੇ ਇਕ ਮਾਲਾ ਬਣਾ ਕੇ ਰੱਖਦੀ ਹੈ।ਮਾਂ ਤਾਂ ਮਾਂ ਹੀ ਹੁੰਦੀ ਹੈ,ਚਾਹੇ ਉਸ ਨੂੰ ਮਾਤਾ ਜੀ ਆਖੋ,ਮਾਤਾ ਸ੍ਰੀ ਆਖੋ,ਝਾਈ,ਮੰਮੀ.ਅੰਮੀ,ਅੰ੍ਮਾਂ,ਜੋ ਵੀ ਪੁਕਾਰੋ ਪਰ ਫਿਰ ਵੀ ਇਕ ਬੜਾ ਹੀ ਸਤਿਕਾਰ ਯੋਗ ਵਰਣ ਹੈ,ਬੀਜੀ,ਮਾਝੇ ਵਿਚ ਬੀਬੀ ਕਹਿੰਦੇ ਹਨ।ਮਾਂ ਜਦ ਬੀਬੀ ਸੀ,ਬੀਜੀ ਸੀ ਬੜੀ ਪਿਆਰੀ ਸੀ-ਹੁਣ ਜਦੋਂ ਦੀ ਮੰਮੀ ਬਣੀ ਹੈ ਕੁਝ ਵੱਖਰੀ ਜਿਹੀ,ਓਪਰੀ ਜਿਹੀ ਜਾਪਣ ਲਗ ਪਈ ਹੈ।ਉਸ ਦਾ ਆਕਾਰ ਤਾਂ ਉਹੀ ਹੈ ਰੂਪ ਕਿਉਂ ਬਦਲ ਗਿਆ ਹੈ।ਅੰਗਰੇਜ਼ੀ ਦੀ ਮੰਮੀ ਨੇ ਪੰਜਾਬੀ ਦੀ ਬੀਜੀ ਦੀ ਨੁਹਾਰ ਖੋਹ ਲਈ ਹੈ।

ਪਦਾਰਥਵਾਦੀ ਯੁੱਗ ਵਿਚ ਮਾਂ ਕਿਤੇ ਉਲਝ ਗਈ ਹੈ,ਮਾਂ ਨੂੰ ਵਾਪਸ ਬੁਲਾਉਣਾ ਹੈ।ਮਾਂ ਬਿਨਾਂ ਦੁਨੀਆਂ ਨਾਂ ਮੁਕੰਮਲ ਹੈ।

ਆਦਿ ਯੁੱਗ ਵਿਚ ਰੱਬ ਨੂੰ ਜਦੋਂ ਅਹਿਸਾਸ ਹੋਇਆ ਕਿ ਉਸਦਾ ਬਣਾਇਆ ਆਦਮ ਦਾ ਪੁਤਲਾ ਕੁਝ ਅਧੂਰਾ ਰਹਿ ਗਿਆ ਹੈ ਤਾਂ ਉਸਨੇਂ 'ਹਵਾ'ਬਨਾਈ।ਫਿਰ ਜਦ ਉਸਨੂੰ ਲਗਾ ਕੇ ਇਹ ਦੁਨੀਆਂ ਰੂਪੀ ਤਾਣੀ ਉਹ ਇੱਕਲਾ ਨਹੀਂ ਸੰਭਾਲ ਸਕਦਾ ਤਾਂ ਉਸਨੇ ਮਾਂ ਬਣਾ ਦਿਤੀ ਤੇ ਆਪਣੇ ਬਹੁਤੇ ਕੰਮ ਮਾਂ ਦੇ ਹਵਾਲੇ ਕਰ ਦਿੱਤੇ। ਮਾਂ ਰਹਿਨੁਮਾ ਹੈ,ਜਿਵੇਂ ਇਕ ਸ਼ਾਇਰ ਪੁੱਤ ਲਿਖਦਾ ਹੈ ,"ਤੂੰ ਹੁੰਦੀ ਸੈਂ ਤਾਂ ਸੋਨਾ ਬਣ ਜਾਂਦਾ ਸੀ,ਹਰ ਰੁਦਰਾ ਦਾ ਰੋੜ ਨੀ ਮਾਏ।

ਸਾਨੂੰ ਅੱਜ ਵੀ ਏ ਤੇਰੀ ਲੋੜ ਨੀ ਮਾਏ"।

ਮਾਂ ਦਾ ਧੀਆਂ ਪੁੱਤਾਂ ਨਾਲ ਰਿਸ਼ਤਾ ਸ਼ਬਦਾਂ ਵਿਚ ਪਰੋਇਆ ਨਹੀਂ ਜਾ ਸਕਦਾ।ਇਕ ਧੀ ਕਹਿੰਦੀ ਹੈ"ਮਾਂ ਜਦ ਤੂੰ ਸੀ ਤੇ ਕੇਵਲ ਮਾਂ ਸੈਂ ਅੱਜ ਜਦ ਨਹੀ ਹੈ ਤਾਂ ਮੇਰਾ ਰੱਬ ਬਣ ਗਈ ਏਂ"।ਮਾਂ ਰੱਬ ਦਾ ਦਰਜਾ ਨਿਭਾਉਂਦੇ,ਵੰਸ਼ ਨੂੰ ਚਲਾਉਂਦੇ,ਦੋ ਦੋ ਕੁਲਾਂ ਦੀ ਲਾਜ ਬਣਾਏ ਰੱਖਦੀ ਹੈ।ਮਾਂ ਮੰਜਲ ਹੈ,ਇਸ ਨੇ ਕਿੰਨੇ ਹੀ ਮਹਾਂ ਪੁਰਖ,ਗੁਰੂ,ਵਿਦਵਾਨ ਬਣਾਏ। ਇਬਰਾਹੀਮ ਲੰਿਕਨ ਨੇ ਰਾਸ਼ਟਰਪਤੀ ਬਣ ਕੇ ਕਿਹਾ"=

" ਮੈ ਅੱਜ ਜੋ ਵੀ ਹਾਂ,ਮਾਂ ਦਾ ਬਣਾਇਆ ਹਾਂ।

ਮਾਂ ਵਿੱਚ ਕੁਦਰਤ ਨੇ ਵਾਧੂ ਸੂਝ ਤੇ ਸ਼ਕਤੀ ਭਰੀ ਹੈ।ਫਿਰ ਜੇ ਮਾਂ ਪੜ੍ਹ ਜਾਏ ਤਾਂ' ਸੋਨੇ ਤੇ ਸੁਹਾਗਾ' ਵਾਲ਼ੀ ਗਲ ਬਣ ਜਾਂਦੀ ਹੇੈ। ਲੰਿਕਨ ਨੇ ਕਿਹਾ " ਤੁਸੀਂ ਮੈਨੂੰ ਪੜ੍ਹੀਆਂ ਮਾਵਾਂ ਦਿਓ,ਮੈਂ ਤੁਹਾਨੂੰ ਸੂਝਵਾਨ,ਵਿਦਵਾਨ ਕੌਮ ਦੇਵਾਂਗਾ"।

ਧੀ ਹੀ ਮਾਂ ਹੈ,ਮਾਂ ਹੀ ਧੀ ਹੈ, ਅੱਜ ਦੀ ਕੁੜੀ ਕਲ ਦੀ ਮਾਂ ਹੈ।ਧੀ ਤੇ ਮਾਂ ਤੋਂ ਬਿਨਾ ਦੁਨੀਆ ਨਾਂ ਮੁਕੰਮਲ ਹੈ।

"ਮਾਂ ਜੈਸੀ ਹਸਤੀ ਦੁਨੀਆ ਮੇਂ ਹੈ ਕਹਾਂ?ਨਹੀਂ ਮਿਲੇਗਾ ਬਦਲ ਚਾਹੇ ਢੂੰਢ ਲੇ ਸਾਰਾ ਜਹਾਂ"।

ਸਵਰਗ ਦੀ ਹੋਂਦ ਜੇ ਹੈ ਤਾਂ ਕੇਵਲ ਮਾਂ ਦੇ ਆਸ ਪਾਸ।ਮਾਂ ਰਹਿਬਰ ਹੈ।ਆਪਣੀ ਰਹਿਮਤ ਦੀ ਬੁਛਾੜ ਉਹ ਆਪਣੇ ਸਾਰੇ ਬੱਚਿਆਂ ਤੇ ਬਰਾਬਰ ਕਰਦੀ ਹੈ।

।"ਮਾਂ ਲੋਰੀ ਹੈ,ਸੁਪਨਮਈ,ਮਿੱਠੀ,ਨੀਂਦ ਦੀ ਗੋਦ ਹੈ।ਰੇਸ਼ਮ ਦਾ ਪੰਘੂੜਾ ਹੈ।"

"ਰਹਿਤੀ ਹੈ,ਜੰਨਤ,ਜਿਸ ਕੇ ਪਾਂਵ ਤਲੇ,ਮਾਂ ਵੋ ਨਾਮ ਹੈ,ਭਗਵਾਨ ਭੀ ਜਿਸੇ ਨਮਨ ਕਰੇ"।

ਮਾਂ ਸੋਹਜ ਹੈ,ਸੰਵਾਦ ਹੈ,ਸੁਧਾਰ ਹੈ।ਮਾਂ ਨਾ ਹੁੰਦੀ ਤੇ ਇਹ ਦੁਨੀਆ ਇਸ ਕਦਰ ਰੋਮਾਂਚਿਕ ਤੇ ਰੰਗੀਨ ਨਾਂ ਹੁੰਦੀ!ਮਾਂ ਨੂੰ ਲੱਖ ਸਲਾਮ ਹੈ।

ਹਰ ਵਿਹੜੇ ਦਾ ਘਣਛਾਂਵਾਂ ਬੂਟਾ ਹੈ ਹਰ ਘਰ ਦਾ ਸ਼ਿੰਗਾਰ ਹੈ ਮਾਂ।ਸੰਤਵਾਣੀ ਕ੍ਹਿੰਦੀ ਹੈ," ਜਿਸ ਘਰ ਮਾਂ ਦਾ (ਨਾਰੀ) ਦਾ ਆਦਰ ਹੁੰਦਾ ਹੈ ਉਥੇ ਦੇਵਤਾ ਵਾਸ ਕਰਦੇ ਨੇ।ਮਾਂ ਦੀ ਦੁਆ ਨਾਲ ਦਵਾ ਫੌ੍ਰੀ ਅਸਰ ਕਰਦੀ ਹੈ,ਬਲਾਵਾਂ ਤੇ ਔ੍ਕੜਾਂ ਦੂਰ ਨਸ ਜਾਂਦੀਆਂ ਹਨ—

" ਗਰਦਸ਼ੇਂ, ਲੌਟ ਗਈ ਹਵਾਏਂ ਲੇ ਕਰ,ਘਰ ਸੇ ਨਿਕਲਾ ਥਾ,ਮੈਂ ਮਾਂ ਕੀ ਦੁਆਏਂ ਲੇ ਕਰ" ॥

" ਪੁੱਤ ਹੋਵੇ ਭਾਵੇ ਦੁਨੀਆਂ ਦਾ ਵਲੀ,ਨਹੀਂ ਮਾਂ ਦੇ ਪੈਰਾਂ ਦੀ ਖਾਕ ਵਰਗਾ"

" ਐ ਮਾਂ. ਐ ਮਾਂ, ਐ ਮਾਂ, ਸਾਡੇ ਮੂੰਹ ਵਿਚੋਂ ਕਿਰਦੇ ਨੇ ਫੁੱਲ,ਜਦ ਲੈਨੇ੍ਂ ਤੇਰਾ ਨਾਂ"

" ਮਾਂ ਤੂੰ ਕਿੰਨੀ ਅੱਛੀ ਹੈ,ਕਿੰਨੀ ਪਿਆਰੀ ਹੈ/ ਨਿਆਰੀ ਨਿਆਰੀ ਹੈ"

ਮਾਂ ਦਾ ਗੁੱਸਾ,ਪਿਆਰ ਦਾ ਹਿੱਸਾ

ਮਾਂ ਦੀ ਦੁਆ,ਪੂਰਬ ਦੀ ਹਵਾ,

ਮਾ ਦੀ ਦੇਣ,ਜੰਨਤ ਦਾ ਨਮੂਨਾ,

ਮਾਂ ਦੇ ਬੋਲ,ਅਲਲਾਹੀ ਬਾਣੀ,

ਮਾਂ ਦੀ ਜਬਾਨੀ ਸੁਣੀ,ਮਮਤਾ ਦੀ ਕਹਾਣੀ "।

ਰਣਜੀਤ ਕੌਰ ਗੁੱਡੀ ਤਰਨ ਤਾਰਨ

# ਹੀਟ ਸਟ੍ਰੋਕ (ਲੂ) ਬਾਰੇ ਜਾਣਕਾਰੀ ਡਾ ਅਜੀਤਪਾਲ ਸਿੰਘ ਐਮ ਡੀ



ਅਸਰ (Effects)

· ਸਰੀਰ ਦਾ ਤਾਪਮਾਨ 104°F (40°C) ਤੋਂ ਵੱਧ ਜਾਂਦਾ ਹੈ

· ਦਿਮਾਗ, ਦਿਲ, ਗੁਰਦਿਆਂ ਤੇ ਮਾਸਪੇਸ਼ੀਆਂ ਨੂੰ ਨੁਕਸਾਨ

· ਜਾਨਲੇਵਾ ਸਥਿਤੀ ਬਣ ਸਕਦੀ ਹੈ

ਲੱਛਣ (Symptoms)

· ਤੇਜ਼ ਬੁਖਾਰ (104°F+)

· ਚੱਕਰ ਆਉਣੇ, ਬੇਹੋਸ਼ੀ

· ਮਤਲੀ, ਉਲਟੀਆਂ

· ਸਿਰ ਦਾ ਦਰਦ

· ਚਮੜੀ ਦਾ ਗਰਮ ਤੇ ਸੁੱਕਾ ਹੋਣਾ (ਪਸੀਨਾ ਨਹੀਂ ਆਉਂਦਾ)

· ਤੇਜ਼ ਧੜਕਣ, ਸਾਹ ਚੜ੍ਹਨਾ

· ਉਲਝਣ ਜਾਂ ਦੌਰੇ ਪੈਣੇ

ਤੁਰੰਤ ਇਲਾਜ (Immediate Treatment)

1. ਐਂਬੂਲੈਂਸ ਨੂੰ ਕਾਲ ਕਰੋ (108)
2. ਮਰੀਜ਼ ਨੂੰ ਠੰਢੀ ਛਾਂ ਵਿੱਚ ਲੈ ਜਾਓ
3. ਕੱਪੜੇ ਢਿੱਲੇ ਕਰੋ
4. ਠੰਢੇ ਪਾਣੀ ਦੀ ਪੱਟੀ ਜਾਂ ਬਰਫ਼ ਨਾਲ ਸਰੀਰ ਠੰਢਾ ਕਰੋ (ਗਰਦਨ, ਬਗਲਾਂ, ਕੱਛਾਂ 'ਤੇ)
5. ਠੰਢਾ ਪਾਣੀ ਪਿਲਾਓ (ਜੇ ਹੋਸ਼ ਹੋਵੇ)
6. ਪੱਖੇ ਜਾਂ ਏਸੀ ਦੀ ਵਰਤੋਂ ਕਰੋ

ਸਾਵਧਾਨੀਆਂ (Precautions)

· ਭਰਪੂਰ ਪਾਣੀ ਪੀਓ (ਦਿਨ ਵਿੱਚ 8-10 ਗਲਾਸ)

· ਤੇਜ਼ ਧੁੱਪ ਵਿੱਚ ਬਾਹਰ ਨਾ ਜਾਓ (12-4 ਵਜੇ)

· ਸੂਤੀ, ਢਿੱਲੇ, ਹਲਕੇ ਰੰਗ ਦੇ ਕੱਪੜੇ ਪਾਓ

· ਸਿਰ ਤੇ ਟੋਪੀ ਜਾਂ ਛੱਤਰੀ ਵਰਤੋਂ

· ਚਾਹ, ਕੌਫੀ, ਸ਼ਰਾਬ ਤੋਂ ਪਰਹੇਜ਼ ਕਰੋ

· ਭਾਰੀ ਕਸਰਤ ਤੋਂ ਬਚੋ

· ਬੱਚੇ, ਬਜ਼ੁਰਗ, ਗਰਭਵਤੀ ਔਰਤਾਂ ਦਾ ਖਾਸ ਧਿਆਨ ਰੱਖੋ

ਬਚਾਅ (Prevention)

· ਤੰਦਰੁਸਤ ਪਾਣੀ ਆਪਣੇ ਨਾਲ ਰੱਖੋ

· ਛਾਂ ਵਿੱਚ ਰਹੋ

· ਘਰ ਦੀ ਛੱਤ 'ਤੇ ਗਰਮੀ ਰੋਕੂ ਪਰਤ ਲਗਵਾਓ

· ਫਲ ਤੇ ਸਬਜ਼ੀਆਂ (ਤਰਬੂਜ, ਖੀਰਾ, ਸੰਤਰਾ) ਜ਼ਿਆਦਾ ਖਾਓ

· ORS ਦਾ ਘੋਲ ਵਰਤੋਂ

· ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਬੰਦ ਗੱਡੀ ਵਿੱਚ ਨਾ ਛੱਡੋ

ਜੇ ਲੱਛਣ ਗੰਭੀਰ ਹੋਣ, ਤਾਂ ਬਿਨਾਂ ਦੇਰੀ ਕੀਤੇ ਡਾਕਟਰ ਨੂੰ ਮਿਲੋ।



ਲੇਖਕ : ਹਰਪ੍ਰੀਤ ਕੌਰ ਸੰਧੂ।

## ਪੱਖੇ ਵੱਲ ਵੇਖਦੀ ਹਾਂ ਜੋ ਦਿਨ ਰਾਤ ਭੱਜਿਆ ਫਿਰਦਾ ਹੈ। ਹਾਲਾਂਕਿ ਹੁਣ ਇਸਦੀ ਕੱਲੇ ਦੀ ਕੋਈ ਬਿਸਾਤ ਨਹੀਂ ਰਹੀ।

ਪੱਖੇ ਵੱਲ ਵੇਖਦੀ ਹਾਂ ਜੋ ਦਿਨ ਰਾਤ ਭੱਜਿਆ ਫਿਰਦਾ ਹੈ। ਹਾਲਾਂਕਿ ਹੁਣ ਇਸਦੀ ਕੱਲੇ ਦੀ ਕੋਈ ਬਿਸਾਤ ਨਹੀਂ ਰਹੀ। ਇਸ ਦੇ ਨਾਲ ਜਦ ਤੱਕ ਕੂਲਰ ਚੱਲਦਾ ਹੋਵੇ ਜਾਂ ਫਿਰ ਏ ਸੀ। ਉਹਨਾਂ ਨੂੰ ਅਸੀਂ ਕਿਸੇ ਪਲ ਆਰਾਮ ਦੇ ਦਿੰਦੇ ਹਾਂ। ਪਰ ਵਿਚਾਰਾ ਪੱਖਾ ਇਹ ਤਾਂ ਖਰਾਬ ਹੋਵੇ ਤਾਂ ਹੀ ਕੁਝ ਪਲਾਂ ਲਈ ਸਾਹ ਲੈਂਦਾ ਹੈ। ਜਿਹੜਾ ਪੱਖਾ ਕਿਸੇ ਘਰ ਵਿੱਚ ਬੈਕਗ੍ਰਾਮ ਵਿੱਚ ਲੱਗ ਜਾਂਦਾ ਹੈ ਉਸ ਦੀ ਤਾਂ ਜ਼ਿੰਦਗੀ ਅਜ਼ਾਬ ਹੈ। ਇੱਕ ਤਾਂ ਸਾਡੇ ਦੇਸ਼ ਵਿੱਚ ਗਰਮੀ ਦਾ ਮੌਸਮ ਬਹੁਤ ਲੰਬਾ ਹੈ। 10 ਮਹੀਨੇ ਇਹ ਵਿਚਾਰਾ 24 ਘੰਟੇ ਘੁੰਮਦਾ ਰਹਿੰਦਾ ਹੈ। ਜਿੱਥੇ ਦੋਵੇਂ ਜੀ ਨੌਕਰੀ ਕਰਦੇ ਹਨ ਉੱਥੇ ਤਾਂ ਇਸ ਨੂੰ ਸਾਹ ਆਉਂਦਾ ਹੈ ਪਰ ਜਿੱਥੇ ਕੋਈ ਘਰ ਰਹਿੰਦਾ ਹੈ ਇਹ ਘੁੰਮਣ ਘੇਰੀ ਵਿੱਚ ਹੀ ਰਹਿੰਦਾ ਹੈ। ਘਰ ਰਹਿਣ ਵਾਲਾ ਜਦੋਂ ਨਹਾਉਣ ਜਾਵੇ ਉਦੋਂ ਜੇ ਕਿਤੇ ਇਹਦੇ ਤੇ ਮਿਹਰਬਾਨੀ ਕਰੇ ਪੰਜ ਮਿੰਟ ਇਹਨੂੰ ਬੰਦ ਕਰ ਜਾਵੇ ਤਾਂ ਇਹ ਸਾਹ ਲੈ ਲੈਂਦਾ ਹੈ। ਹੈਰਾਨੀ ਦੀ ਗੱਲ ਇਹ ਵੇਖੋ ਕਿ ਸਾਨੂੰ ਏਸੀ ਦੀ ਤੇ ਕੂਲਰ ਦੀ ਅਹਿਮੀਅਤ ਦਾ ਪਤਾ ਹੈ। ਪਰ ਨਿਗੂਣੇ ਪੱਖੇ ਨੂੰ ਕੋਈ ਨਹੀਂ ਪੁੱਛਦਾ। ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਘਰ ਵਿੱਚ ਗ੍ਰਹਿਣੀ ਹੁੰਦੀ ਹੈ। ਉਹ ਵਿਚਾਰੀ ਸਾਰਾ ਦਿਨ ਕੁਝ ਨਾ ਕੁਝ ਕਰਦੀ ਰਹਿੰਦੀ ਹੈ ਪਰ ਉਸ ਦੇ ਕੰਮ ਦੀ ਅਹਿਮੀਅਤ ਕੋਈ ਨਹੀਂ ਮੰਨਦਾ। ਹਾਂ ਜੇ ਉਹ ਕੁਝ ਦਿਨਾਂ ਲਈ ਕਿਤੇ ਚਲੀ ਜਾਵੇ ਜਾਂ ਬਿਮਾਰ ਹੋ ਜਾਵੇ ਫਿਰ ਪਤਾ ਲੱਗਦਾ ਹੈ। ਠੀਕ ਪੱਖਾ ਵੀ ਖਰਾਬ ਹੋ ਜਾਵੇ ਜਾਂ ਇਸਦਾ ਕੰਡੈਂਸਰ ਬਦਲਣ ਵਾਲਾ ਹੋਵੇ ਫਿਰ ਸਮਝ ਆਉਂਦੀ ਹੈ ਇਸ ਦੀ ਅਹਿਮੀਅਤ।

ਮੈਨੂੰ ਪੱਖੇ ਵੱਲ ਵੇਖ ਕੇ ਕਵਿਤਾ ਯਾਦ ਆਉਂਦੀ ਹੈ ਭਾਈ ਵੀਰ ਸਿੰਘ ਜੀ ਦੀ।

ਨਿਹੁੰ ਭਿੱਜੇ ਨੈਣਾਂ ਕੀ ਨੀਂਦਰ
ਦਿਨੇ ਰਾਤ ਪਏ ਵਹਿੰਦੇ
ਇਹ ਕਰ ਆਰਾਮ ਨਹੀਂ ਬਹਿੰਦੇ।

ਮੁਹੱਬਤ ਦਾ ਤਾਂ ਹੁਣ ਕੋਈ ਪਤਾ ਨਹੀਂ ਕਦੋਂ ਖਤਮ ਹੋ ਜਾਵੇ ਬਦਲ ਜਾਵੇ ਕਿਸੇ ਹੋਰ ਨਾਲ ਹੋ ਜਾਵੇ ਪਰ ਪੱਖੇ ਦਾ ਪਤਾ ਹੈ ਇਹ ਦਿਨ ਰਾਤ ਚਲਦਾ ਹੈ।

ਲੇਖਕ : ਹਰਪ੍ਰੀਤ ਕੌਰ ਸੰਧੂ।

# ਬਾਲਣ ਅਤੇ ਸਰੋਤਾਂ ਦੀ ਖਪਤ ਘਟਾਉਣ ਦੀ ਅਪੀਲ ਕੀਤੀ ।



ਬਾਲਣ ਅਤੇ ਸਰੋਤਾਂ ਦੀ ਖਪਤ ਘਟਾਉਣ ਦੀ ਅਪੀਲ ਕੀਤੀ । ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਗਾਤਾਰ ਦੂਜੇ ਦਿਨ ਲੋਕਾਂ ਨੂੰ ਬਾਲਣ ਅਤੇ ਸਰੋਤਾਂ ਦੀ ਖਪਤ ਘਟਾਉਣ ਦੀ ਅਪੀਲ ਕੀਤੀ । ਉਨ੍ਹਾਂ ਕਿਹਾ ਕਿ ਜਿੱਥੇ ਵੀ ਸੰਭਵ ਹੋਵੇ, ਪੈਟਰੋਲ ਅਤੇ ਡੀਜ਼ਲ ਦੀ ਵਰਤੋਂ ਘਟਾਓ ਅਤੇ ਮੈਟਰੋ, ਇਲੈਕਟ੍ਰਿਕ ਬੱਸਾਂ ਅਤੇ ਜਨਤਕ ਆਵਾਜਾਈ ਦੀ ਵਰਤੋਂ ਕਰੋ।ਵਡੋਦਰਾ ਵਿੱਚ ਮੋਦੀ ਨੇ ਕਿਹਾ ਕਿ ਜਿਸ ਤਰ੍ਹਾਂ ਦੇਸ਼ ਨੇ ਇਕੱਠੇ ਹੋ ਕੇ ਕੋਰੋਨਾ ਸੰਕਟ ਦਾ ਸਾਹਮਣਾ ਕੀਤਾ ਸੀ, ਉਸੇ ਤਰ੍ਹਾਂ ਇਹ ਮੌਜੂਦਾ ਸੰਕਟ ਨੂੰ ਵੀ ਦੂਰ ਕਰੇਗਾ । ਪ੍ਰਧਾਨ ਮੰਤਰੀ ਮੋਦੀ ਨੇ ਅੱਗੇ ਕਿ ਉਹ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀਆਂ ਨੂੰ ਅਪੀਲ ਕੀਤੀ ਕਿ ਉਹ ਘੱਟੋ-ਘੱਟ ਪੰਜ ਵਿਦੇਸ਼ੀ ਮਹਿਮਾਨਾਂ ਨੂੰ ਭਾਰਤ ਘੁੰਮਣ ਲਈ ਲੈ ਕੇ ਆਉਣ । ਉਨ੍ਹਾਂ ਕਿਹਾ, "ਦੇਸ਼ ਦਾ ਬਹੁਤ ਸਾਰਾ ਪੈਸਾ ਸੋਨੇ ਦੀ ਦਰਾਮਦ 'ਤੇ ਵਿਦੇਸ਼ਾਂ ਵਿੱਚ ਜਾਂਦਾ ਹੈ। ਸਾਨੂੰ ਸਥਿਤੀ ਆਮ ਹੋਣ ਤੱਕ ਸੋਨੇ ਦੀ ਖਰੀਦਦਾਰੀ ਮੁਲਤਵੀ ਕਰਨੀ ਚਾਹੀਦੀ ਹੈ। ਸੋਨੇ ਦੀ ਲੋੜ ਨਹੀਂ ਹੈ।"ਮੋਦੀ ਨੇ ਖਾਣ ਵਾਲੇ ਤੇਲ ਦੀ ਖਪਤ ਘਟਾਉਣ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਖਾਣ ਵਾਲੇ ਤੇਲ ਦੀ ਦਰਾਮਦ ਕਰਨ ਨਾਲ ਦੇਸ਼ ਨੂੰ ਕਾਫ਼ੀ ਵਿਦੇਸ਼ੀ ਮੁਦਰਾ ਦਾ ਵੀ ਨੁਕਸਾਨ ਹੁੰਦਾ ਹੈ। ਜੇਕਰ ਲੋਕ ਘੱਟ ਖਾਣ ਵਾਲੇ ਤੇਲ ਦੀ ਵਰਤੋਂ ਕਰਦੇ ਹਨ, ਤਾਂ ਇਸ ਨਾਲ ਦੇਸ਼ ਅਤੇ ਸ਼ਹਿਰ ਦੋਵਾਂ ਨੂੰ ਫਾਇਦਾ ਹੋਵੇਗਾ।

# ਪ੍ਰਧਾਨ ਮੰਤਰੀ ਮੋਦੀ ਤੁਰੰਤ ਸੰਸਦ ਦਾ ਸੈਸ਼ਨ ਬੁਲਾਉਣ ਅਤੇ ਦੇਸ਼ ਨੂੰ ਅਸਲ ਸਥਿਤੀ ਬਾਰੇ ਜਾਣੂ ਕਰਵਾਉਣ



ਪ੍ਰਧਾਨ ਮੰਤਰੀ ਮੋਦੀ ਤੁਰੰਤ ਸੰਸਦ ਦਾ ਸੈਸ਼ਨ ਬੁਲਾਉਣ ਅਤੇ ਦੇਸ਼ ਨੂੰ ਅਸਲ ਸਥਿਤੀ ਬਾਰੇ ਜਾਣੂ ਕਰਵਾਉਣ |

ਸੀਨੀਅਰ ਕਾਂਗਰਸੀ ਆਗੂ ਅਤੇ ਗੁਰਦਾਸਪੁਰ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਦੇਸ਼ ਦੀ ਮੌਜੂਦਾ ਆਰਥਿਕ ਸਥਿਤੀ ਨੂੰ ਲੈ ਕੇ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਚੋਣਾਂ ਤੋਂ ਬਹੁਤ ਪਹਿਲਾਂ ਆਉਣ ਵਾਲੇ ਆਰਥਿਕ ਸੰਕਟ, ਵਧਦੀ ਬੇਰੁਜ਼ਗਾਰੀ ਅਤੇ ਮਹਿੰਗਾਈ ਬਾਰੇ ਦਿੱਤੀਆਂ ਗਈਆਂ ਚੇਤਾਵਨੀਆਂ ਅੱਜ ਪੂਰੀ ਤਰ੍ਹਾਂ ਸਹੀ ਸਾਬਤ ਹੋ ਰਹੀਆਂ ਹਨ। ਰੰਧਾਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 12 ਸਾਲਾਂ ਵਿੱਚ ਦੇਸ਼ ਨੂੰ ਇਸ ਮੁਕਾਮ 'ਤੇ ਪਹੁੰਚਾ ਦਿੱਤਾ ਹੈ ਕਿ ਜਨਤਾ ਨੂੰ ਦੱਸਣਾ ਪੈ ਰਿਹਾ ਹੈ ਕਿ ਕੀ ਖਰੀਦਣਾ ਹੈ, ਕੀ ਨਹੀਂ ਖਰੀਦਣਾ ਹੈ, ਕਿੱਥੇ ਜਾਣਾ ਹੈ ਅਤੇ ਕਿੱਥੇ ਨਹੀਂ ਜਾਣਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਪਹਿਲਾਂ ਇਹ ਸਾਰੀਆਂ ਗੱਲਾਂ ਆਪਣੇ 'ਤੇ ਲਾਗੂ ਕਰਨੀਆਂ ਚਾਹੀਦੀਆਂ ਹਨ। ਆਗੂਆਂ ਦੇ ਕਾਫਲਿਆਂ ਵਿੱਚ ਵਾਹਨਾਂ ਦੀ ਗਿਣਤੀ ਘਟਾਓ ਅਤੇ ਉਨ੍ਹਾਂ ਦੇ ਵਿਦੇਸ਼ੀ ਦੌਰਿਆਂ ਨੂੰ ਘਟਾਓ ਜਾਂ ਰੋਕੋ। ਉਨ੍ਹਾਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਇਸ ਮੁੱਦੇ 'ਤੇ ਚਰਚਾ ਕਰਨ ਲਈ ਤੁਰੰਤ ਸੰਸਦ ਦਾ ਸੈਸ਼ਨ ਬੁਲਾਉਣ ਅਤੇ ਦੇਸ਼ ਨੂੰ ਸੱਚੀ ਸਥਿਤੀ ਤੋਂ ਜਾਣੂ ਕਰਵਾਉਣ, ਉਨ੍ਹਾਂ ਨੂੰ ਵਿਸ਼ਵਾਸ ਵਿੱਚ ਲੈਣ।

ਰੰਧਾਵਾ ਨੇ ਕਿਹਾ ਕਿ ਲਗਾਤਾਰ ਵੱਧ ਰਹੀ ਮਹਿੰਗਾਈ, ਆਰਥਿਕ ਅਨਿਸ਼ਚਿਤਤਾ ਅਤੇ ਵਿਸ਼ਵਵਿਆਪੀ ਅਸਥਿਰਤਾ ਨੇ ਆਮ ਆਦਮੀ ਦੀ ਕਮਰ ਤੋੜ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦਾ ਮੱਧ ਵਰਗ, ਕਿਸਾਨ, ਕਾਰੋਬਾਰੀ ਅਤੇ ਨੌਜਵਾਨ ਆਰਥਿਕ ਦਬਾਅ ਹੇਠ ਹਨ, ਪਰ ਕੇਂਦਰ ਸਰਕਾਰ ਸਿਰਫ ਪ੍ਰਚਾਰ ਅਤੇ ਸਮਾਗਮ ਪ੍ਰਬੰਧਨ ਵਿੱਚ ਰੁੱਝੀ ਹੋਈ ਹੈ। ਹਰ ਵਾਰ, ਉਹ ਜਵਾਬਦੇਹੀ ਤੋਂ ਬਚਣ ਲਈ ਜਨਤਾ 'ਤੇ ਜ਼ਿੰਮੇਵਾਰੀ ਬਦਲਦੇ ਹਨ। ਇਹ ਕੇਂਦਰ ਸਰਕਾਰ ਦੀ ਅਸਫਲਤਾ ਦਾ ਸਬੂਤ ਹੈ।ਉਨ੍ਹਾਂ ਕਿਹਾ ਕਿ ਦੇਸ਼ ਨੂੰ ਜਵਾਬਦੇਹੀ, ਇਮਾਨਦਾਰ ਆਰਥਿਕ ਯੋਜਨਾਬੰਦੀ ਅਤੇ ਰਾਸ਼ਟਰੀ ਹਿੱਤਾਂ 'ਤੇ ਅਧਾਰਤ ਵਿਦੇਸ਼ ਨੀਤੀ ਦੀ ਲੋੜ ਹੈ, ਨਾ ਕਿ ਸਿਰਫ ਸ਼ਾਨਦਾਰ ਸਮਾਗਮਾਂ ਅਤੇ ਦਿਖਾਵੇ ਵਾਲੀ ਰਾਜਨੀਤੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਨੌਕਰੀਆਂ ਦੀ ਸਿਰਜਣਾ, ਨਿਵੇਸ਼, ਉਦਯੋਗ ਅਤੇ ਖੇਤੀਬਾੜੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਹਾਲਾਂਕਿ, ਮੌਜੂਦਾ ਨੀਤੀਆਂ ਲਗਾਤਾਰ ਆਰਥਿਕ ਅਸਮਾਨਤਾ ਵਧਾ ਰਹੀਆਂ ਹਨ। ਰੰਧਾਵਾ ਨੇ ਕਿਹਾ ਕਿ ਕਾਂਗਰਸ ਪਾਰਟੀ ਜਨਤਕ ਮੁੱਦੇ ਉਠਾਉਂਦੀ ਰਹੇਗੀ ਅਤੇ ਦੇਸ਼ ਦੇ ਆਰਥਿਕ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਕੇਂਦਰ ਸਰਕਾਰ ਨੂੰ ਜਵਾਬਦੇਹ ਠਹਿਰਾਉਂਦੀ ਰਹੇਗੀ।

# ਆਊਟਸੋਰਸਿੰਗ ਕਾਮਿਆਂ ਨੂੰ ਰੈਗੂਲਰ ਕਰਨ ਦੀ ਮੰਗ ਤੇਜ਼,



17 ਮਈ ਜਲੰਧਰ ਤੇ 19 ਮਈ ਮੁਹਾਲੀ ਰੈਲੀ ਲਈ ਵਹੀਰਾਂ ਘੱਤਣ ਦਾ ਸੱਦਾ |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 12 ਮਈ

ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੀ ਸੂਬਾ ਕਮੇਟੀ ਨੇ ਪਾਵਰਕਾਮ ਅਤੇ ਟ੍ਰਾਂਸਕੋ ਕਾਰਪੋਰੇਸ਼ਨਾਂ ਵਿੱਚ ਪਿਛਲੇ ਕਰੀਬ 15 ਸਾਲਾਂ ਤੋਂ ਪੈਸਕੋ ਸਮੇਤ ਹੋਰ ਆਊਟਸੋਰਸਿੰਗ ਏਜੰਸੀਆਂ ਰਾਹੀਂ ਵੱਖ-ਵੱਖ ਅਸਾਮੀਆਂ ‘ਤੇ ਕੰਮ ਕਰ ਰਹੇ ਕਾਮਿਆਂ ਨੂੰ ਤੁਰੰਤ ਵਿਭਾਗ ਦੇ ਰੋਲ ‘ਤੇ ਲੈ ਕੇ ਸੇਵਾਵਾਂ ਰੈਗੂਲਰ ਕਰਨ ਦੀ ਜੋਰਦਾਰ ਮੰਗ ਕੀਤੀ ਹੈ।
ਜਥੇਬੰਦੀ ਨੇ ਕਿਹਾ ਕਿ ਜੇਕਰ ਆਊਟਸੋਰਸਿੰਗ ਅਧੀਨ ਕੰਮ ਕਰ ਰਹੇ ਕਾਮਿਆਂ ਨੂੰ ਪਾਵਰਕਾਮ ਅਤੇ ਟ੍ਰਾਂਸਕੋ ਦੇ ਰੋਲ ‘ਤੇ ਲਿਆ ਜਾਂਦਾ ਹੈ ਤਾਂ ਨਾ ਸਿਰਫ਼ ਠੇਕੇਦਾਰੀ ਪ੍ਰਥਾ ਦਾ ਖਾਤਮਾ ਹੋਵੇਗਾ, ਸਗੋਂ ਕਾਮਿਆਂ ਦਾ ਲੰਮੇ ਸਮੇਂ ਤੋਂ ਹੋ ਰਿਹਾ ਆਰਥਿਕ ਸ਼ੋਸ਼ਣ ਵੀ ਰੁਕੇਗਾ। ਫੈਡਰੇਸ਼ਨ ਨੇ ਪੰਜਾਬ ਸਰਕਾਰ ਕੋਲੋਂ ਵੀ ਮੰਗ ਕੀਤੀ ਕਿ ਪੈਸਕੋ ਅਤੇ ਹੋਰ ਏਜੰਸੀਆਂ ਰਾਹੀਂ ਰੱਖੇ ਕਾਮਿਆਂ ‘ਤੇ ਲਟਕ ਰਹੀ ਰੁਜ਼ਗਾਰ ਖੁੱਸਣ ਦੀ ਤਲਵਾਰ ਨੂੰ ਖਤਮ ਕਰਨ ਲਈ ਤੁਰੰਤ ਦਖਲਅੰਦਾਜ਼ੀ ਕਰਕੇ ਮਸਲੇ ਦਾ ਪੱਕਾ ਹੱਲ ਕੀਤਾ ਜਾਵੇ।
ਇਹ ਮੰਗਾਂ ਸਬੰਧੀ ਜਥੇਬੰਦੀ ਦੀ ਸੂਬਾ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਮਨਜੀਤ ਸਿੰਘ ਬਾਸਰਕੇ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੂਬਾ ਆਗੂ ਰਾਕੇਸ਼ ਸੈਣੀ, ਦਵਿੰਦਰ ਸਿੰਘ ਰੋਪੜ, ਮਨਿੰਦਰ ਸਿੰਘ ਮੁਕਤਸਰ, ਕੁਲਵਿੰਦਰ ਸਿੰਘ ਬਾਗੜੀਆਂ, ਮੋਹਨ ਸਿੰਘ ਗਿੱਲ, ਅਰੁਣ ਕੁਮਾਰ ਬਠਿੰਡਾ, ਸਾਹਿਬ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ ਮਹਿਦੂਦਾਂ, ਕ੍ਰਿਸ਼ਨ ਕਾਂਤ ਸੰਗਰੂਰ, ਜਸਵਿੰਦਰ ਸਿੰਘ ਬਰਗਾੜੀ, ਲਖਬੀਰ ਸਿੰਘ ਸੰਗਰੂਰ, ਰਾਮ ਸਿੰਘ ਰੋਪੜ ਥਰਮਲ ਅਤੇ ਠਾਕਰਪ੍ਰੀਤ ਸਿੰਘ ਤੋਂ ਇਲਾਵਾ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ, ਸੁਰਿੰਦਰਪਾਲ ਸਿੰਘ ਲਾਹੌਰੀਆ, ਰਛਪਾਲ ਸਿੰਘ ਪਾਲੀ, ਦਰਸ਼ਨ ਲਾਲ ਮੋਗਾ, ਕਰਮਚੰਦ ਭਾਰਦਵਾਜ, ਜਰਨੈਲ ਸਿੰਘ ਔਲਖ ਅਤੇ ਬਲਜੀਤ ਸਿੰਘ ਮੋਦਲਾ ਆਦਿ ਵੀ ਮੌਜੂਦ ਰਹੇ।
ਮੀਟਿੰਗ ਦੀ ਕਾਰਵਾਈ ਬਾਰੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਹਰਵਿੰਦਰ ਸਿੰਘ ਅਕਾਲਗੜ੍ਹ ਨੇ ਕਿਹਾ ਕਿ ਪਾਵਰਕਾਮ ਮੈਨੇਜਮੈਂਟ ਵੱਲੋਂ ਹਾਲ ਹੀ ਵਿੱਚ ਸੀਐਚਬੀ ਕਾਮਿਆਂ ਨੂੰ ਵਿਭਾਗ ਦੇ ਰੋਲ ‘ਤੇ ਲੈਣ ਦਾ ਕਦਮ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪੈਸਕੋ ਅਤੇ ਹੋਰ ਏਜੰਸੀਆਂ ਰਾਹੀਂ ਆਊਟਸੋਰਸਿੰਗ ਅਧੀਨ ਕੰਮ ਕਰ ਰਹੇ ਕਾਮਿਆਂ ਨੂੰ ਵੀ ਤੁਰੰਤ ਰੈਗੂਲਰ ਕਰਕੇ ਇਨਸਾਫ ਦਿੱਤਾ ਜਾਵੇ, ਜੋ ਲੰਮੇ ਸਮੇਂ ਤੋਂ ਘੱਟ ਤਨਖਾਹ ‘ਤੇ ਕੰਮ ਕਰਨ ਲਈ ਮਜਬੂਰ ਹਨ।
ਮੀਟਿੰਗ ਵਿੱਚ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ ‘ਤੇ 17 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਣ ਵਾਲੀ ਕਨਵੈਨਸ਼ਨ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਗਿਆ। ਇਸ ਤੋਂ ਇਲਾਵਾ 19 ਮਈ ਨੂੰ ਪੰਜਾਬ ਏਟਕ ਦੇ ਸੱਦੇ ‘ਤੇ ਲੇਬਰ ਕਮਿਸ਼ਨਰ ਦਫ਼ਤਰ ਮੁਹਾਲੀ ਸਾਹਮਣੇ ਹੋਣ ਵਾਲੇ ਰੋਸ ਧਰਨੇ ਵਿੱਚ ਵੀ ਜਥੇਬੰਦੀ ਦੇ ਆਗੂਆਂ ਅਤੇ ਵਰਕਰਾਂ ਨੂੰ ਵਹੀਰਾਂ ਘੱਤ ਕੇ ਪਹੁੰਚਣ ਲਈ ਅਪੀਲ ਕੀਤੀ ਗਈ।
ਫੈਡਰੇਸ਼ਨ ਨੇ ਪਾਵਰਕਾਮ ਮੈਨੇਜਮੈਂਟ ਕੋਲੋਂ ਇਹ ਵੀ ਮੰਗ ਕੀਤੀ ਕਿ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਨਾਲ ਹੋਏ ਸਮਝੌਤਿਆਂ ਤਹਿਤ ਮੰਨੀਆਂ ਗਈਆਂ ਮੰਗਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ ਤਾਂ ਜੋ ਅਦਾਰੇ ਦਾ ਮਾਹੌਲ ਸ਼ਾਂਤਮਈ ਬਣਿਆ ਰਹੇ।

# 20 ਮਈ ਨੂੰ ਦੇਸ਼ ਭਰ ਦੇ ਮੈਡੀਕਲ ਸਟੋਰ ਰਹਿਣਗੇ ਬੰਦ, ਆਨਲਾਈਨ ਦਵਾਈਆਂ ਖ਼ਿਲਾਫ਼ ਕੈਮਿਸਟਾਂ ਦਾ ਵੱਡਾ ਐਲਾਨ



ਨਕਲੀ ਅਤੇ ਨਸ਼ੀਲੀਆਂ ਦਵਾਈਆਂ ਦੀ ਆਨਲਾਈਨ ਵਿਕਰੀ ‘ਤੇ ਰੋਕ ਲਗਾਉਣ ਦੀ ਕੀਤੀ ਮੰਗ, ਸਰਕਾਰ ਨੂੰ ਚੇਤਾਵਨੀ |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 11 ਮਈ

ਕੈਮਿਸਟ ਐਸੋਸੀਏਸ਼ਨ ਜ਼ਿਲ੍ਹਾ ਤਰਨ ਤਾਰਨ ਵੱਲੋਂ ਜ਼ਿਲ੍ਹੇ ਦੇ ਸਮੂਹ ਕੈਮਿਸਟ ਭਾਈਚਾਰੇ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ ਦੌਰਾਨ 20 ਮਈ ਨੂੰ ਦੇਸ਼ ਭਰ ਵਿੱਚ ਮੈਡੀਕਲ ਸਟੋਰ ਬੰਦ ਰੱਖਣ ਦੇ ਐਲਾਨ ਨੂੰ ਲੈ ਕੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਅਗਵਾਈ ਜ਼ਿਲ੍ਹਾ ਪ੍ਰਧਾਨ ਬਿਮਲ ਅਗਰਵਾਲ ਵੱਲੋਂ ਕੀਤੀ ਗਈ।
ਇਸ ਮੌਕੇ ਜਾਣਕਾਰੀ ਦਿੰਦਿਆਂ ਬਿਮਲ ਅਗਰਵਾਲ ਨੇ ਦੱਸਿਆ ਕਿ ਪੰਜਾਬ ਕੈਮਿਸਟ ਐਸੋਸੀਏਸ਼ਨ ਅਤੇ ਆਲ ਇੰਡੀਆ ਆਰਗਨਾਈਜੇਸ਼ਨ ਆਫ਼ ਕੈਮਿਸਟ ਐਂਡ ਡਰੱਗਿਸਟ ਐਸੋਸੀਏਸ਼ਨ ਦੇ ਸੱਦੇ ‘ਤੇ ਦੇਸ਼ ਭਰ ਦੇ ਕੈਮਿਸਟ 20 ਮਈ ਨੂੰ ਸ਼ਾਂਤੀਪੂਰਨ ਢੰਗ ਨਾਲ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਰੋਸ ਪ੍ਰਗਟ ਕਰਨਗੇ। ਉਨ੍ਹਾਂ ਦੱਸਿਆ ਕਿ ਇਹ ਫੈਸਲਾ ਆਨਲਾਈਨ ਦਵਾਈਆਂ ਦੀ ਵੱਧ ਰਹੀ ਵਿਕਰੀ ਅਤੇ ਨਸ਼ੀਲੀਆਂ ਤੇ ਨਕਲੀ ਦਵਾਈਆਂ ਦੇ ਗੈਰਕਾਨੂੰਨੀ ਕਾਰੋਬਾਰ ਖ਼ਿਲਾਫ਼ ਲਿਆ ਗਿਆ ਹੈ।
ਉਨ੍ਹਾਂ ਕਿਹਾ ਕਿ ਸਰਕਾਰੀ ਨਿਯਮਾਂ ਅਨੁਸਾਰ ਦਵਾਈ ਸਿਰਫ਼ ਪ੍ਰਮਾਣਿਤ ਮੈਡੀਕਲ ਪ੍ਰੈਕਟਿਸ਼ਨਰ ਦੀ ਸਲਾਹ ਜਾਂ ਮੌਜੂਦਗੀ ਵਿੱਚ ਹੀ ਦਿੱਤੀ ਜਾ ਸਕਦੀ ਹੈ, ਪਰ ਆਨਲਾਈਨ ਕੰਪਨੀਆਂ ਵੱਲੋਂ ਕੋਰੀਅਰ ਰਾਹੀਂ ਘਰ-ਘਰ ਦਵਾਈਆਂ ਪਹੁੰਚਾਈਆਂ ਜਾ ਰਹੀਆਂ ਹਨ, ਜੋ ਲੋਕਾਂ ਦੀ ਸਿਹਤ ਲਈ ਗੰਭੀਰ ਖ਼ਤਰਾ ਬਣ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਆਨਲਾਈਨ ਦਵਾਈਆਂ ਦੀ ਆੜ ਵਿੱਚ ਨਸ਼ੀਲੇ ਪਦਾਰਥਾਂ ਅਤੇ ਨਕਲੀ ਦਵਾਈਆਂ ਦਾ ਕਾਰੋਬਾਰ ਵੀ ਫੈਲ ਰਿਹਾ ਹੈ, ਜਿਸ ਨਾਲ ਡਰੱਗ ਮਾਫ਼ੀਆ ਨੂੰ ਹੋਰ ਮੌਕੇ ਮਿਲ ਸਕਦੇ ਹਨ।
ਬਿਮਲ ਅਗਰਵਾਲ ਨੇ ਕਿਹਾ ਕਿ 20 ਮਈ ਨੂੰ ਸਮੂਹ ਕੈਮਿਸਟ ਇਕਜੁੱਟ ਹੋ ਕੇ ਐਸੋਸੀਏਸ਼ਨ ਦੇ ਸੱਦੇ ਦਾ ਸਾਥ ਦੇਣ ਅਤੇ ਆਪਣੀਆਂ ਦੁਕਾਨਾਂ ਬੰਦ ਰੱਖਣ। ਉਨ੍ਹਾਂ ਕਿਹਾ ਕਿ ਜਿਹੜੇ ਕੈਮਿਸਟ ਇਸ ਦਿਨ ਆਪਣੀਆਂ ਦੁਕਾਨਾਂ ਖੋਲ੍ਹਣਗੇ, ਉਹ ਐਸੋਸੀਏਸ਼ਨ ਦੇ ਫੈਸਲੇ ਦੇ ਉਲਟ ਕੰਮ ਕਰਨ ਵਾਲੇ ਮੰਨੇ ਜਾਣਗੇ। ਉਨ੍ਹਾਂ ਸਮੂਹ ਕੈਮਿਸਟ ਭਾਈਚਾਰੇ ਨੂੰ ਅਪੀਲ ਕੀਤੀ ਕਿ ਆਪਣੇ ਹੱਕਾਂ ਦੀ ਰੱਖਿਆ ਲਈ ਇਕਜੁੱਟਤਾ ਦਿਖਾਉਣਾ ਸਮੇਂ ਦੀ ਲੋੜ ਹੈ।
ਅਗਰਵਾਲ ਨੇ ਕਿਹਾ ਕਿ ਆਨਲਾਈਨ ਕਾਰੋਬਾਰ ਕਾਰਨ ਜ਼ਮੀਨੀ ਪੱਧਰ ‘ਤੇ ਮਿਹਨਤ ਕਰਨ ਵਾਲੇ ਛੋਟੇ ਕੈਮਿਸਟਾਂ ਨੂੰ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ ਅਤੇ ਦੇਸ਼ ਦੀ ਆਰਥਿਕਤਾ ਦਾ ਪੈਸਾ ਵੀ ਵਿਦੇਸ਼ੀ ਕੰਪਨੀਆਂ ਵੱਲ ਵੱਧ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਆਨਲਾਈਨ ਦਵਾਈਆਂ ਦੀ ਵਿਕਰੀ ‘ਤੇ ਸਖ਼ਤ ਨਿਗਰਾਨੀ ਰੱਖੀ ਜਾਵੇ ਅਤੇ ਕੈਮਿਸਟ ਭਾਈਚਾਰੇ ਦੀਆਂ ਮੰਗਾਂ ਨੂੰ ਤੁਰੰਤ ਮੰਨਿਆ ਜਾਵੇ।
ਇਸ ਮੌਕੇ ਮੁਨੀਸ਼ ਅਰੋੜਾ ਜਨਰਲ ਸੈਕਰਟਰੀ, ਨਰਿੰਦਰ ਪੁਰੀ ਚੇਅਰਮੈਨ, ਸੰਜੇ ਗੁਪਤਾ ਸ਼ਹਿਰੀ ਪ੍ਰਧਾਨ, ਜਤਿੰਦਰਜੀਤ ਸਿੰਘ ਸ਼ਹਿਰੀ ਜਨਰਲ ਸਕੱਤਰ, ਜਤਿਨ ਅਗਰਵਾਲ, ਰੋਹਿਤ ਭਾਰਦਵਾਜ, ਮੁਨੀਸ਼ ਮਿੱਤਲ, ਵੀਰੂ ਰਾਮ, ਅਸ਼ਵਨੀ ਕੁਮਾਰ ਐਸ.ਕੇ., ਇੰਦਰਜੀਤ ਸਿੰਘ, ਅਮਨਦੀਪ ਸਿੰਘ, ਸੁਰਿੰਦਰ ਕੁਮਾਰ, ਕ੍ਰਿਪਾਲ ਸਿੰਘ, ਸ਼ਿੰਦਰ ਢਿੱਲੋਂ, ਸਾਹਿਬ ਸਿੰਘ, ਕ੍ਰਿਸ਼ਨ ਲਾਲ ਕੱਕੜ, ਰਜਿੰਦਰ ਕੱਕੜ, ਪ੍ਰੀਤਪਾਲ ਸਿੰਘ, ਸੁਭਾਸ਼ ਚੰਦਰ, ਨਿਤੀਸ਼ ਕੱਕੜ, ਮਨਜੀਤ ਸਿੰਘ, ਪ੍ਰਿੰਸ ਕੁਮਾਰ, ਅਜੇ ਅਤੇ ਰਣਬੀਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕੈਮਿਸਟ ਹਾਜ਼ਰ ਸਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਪੰਜਾਬ ਸਰਕਾਰ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਦੇ ਸਬੰਧ ਵਿਚ ਵਿਸ਼ੇਸ਼ ਇਕੱਤਰਤਾ



ਪੰਜਾਬ ਸਰਕਾਰ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਦੇ ਸਬੰਧ ਵਿਚ ਵਿਸ਼ੇਸ਼ ਇਕੱਤਰਤਾ ।

ਅੰਮ੍ਰਿਤਸਰ, 12 ਮਈ-

ਪੰਜਾਬ ਸਰਕਾਰ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਦੇ ਸਬੰਧ ਵਿਚ ਸਿੱਖ ਕੌਮ ਵੱਲੋਂ ਕੀਤੇ ਜਾ ਰਹੇ ਇਤਰਾਜ਼ਾਂ ਨੂੰ ਲੈ ਕੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਤੇ ਸਮੂਹ ਸਿੰਘ ਸਾਹਿਬਾਨ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਤੇ ਐਡੀਸ਼ਨਲ ਮੁੱਖ ਗ੍ਰੰਥੀ ਨੇ ਵਿਸ਼ੇਸ਼ ਇਕੱਤਰਤਾ ਕਰਕੇ ਇਸ ਉੱਤੇ ਗੰਭੀਰ ਵਿਚਾਰ ਵਟਾਂਦਰਾ ਕੀਤਾ। ਇਸ ਮਗਰੋਂ ਮੀਡੀਆ ਨੂੰ ਜਾਰੀ ਕੀਤੇ ਗਏ ਪ੍ਰੈੱਸ ਬਿਆਨ ਰਾਹੀਂ ਸਮੂਹ ਸਿੰਘ ਸਾਹਿਬਾਨ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਸੁਝਾਅ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਹਰ ਦੋਸ਼ੀ, ਪਾਪੀ ਨੂੰ ਸਖ਼ਤ ਤੋਂ ਸਖ਼ਤ ਸਜਾਵਾਂ ਦੇਣ ਦਾ ਕਾਨੂੰਨ ਬਿਨਾਂ ਸ਼ੱਕ ਕੌਮ ਦੇ ਹੱਕ ਵਿਚ ਹੈ ਪਰੰਤੂ ਇਸ ਦੇ ਨਾਲ ਹੀ ਸਿੱਖ ਕੌਮ ਦੀਆਂ ਮਹਾਨ ਸੰਸਥਾਵਾਂ ਅਤੇ ਗ੍ਰੰਥੀ ਸਿੰਘਾਂ, ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਨੂੰ ਬੇਅਦਬੀ ਦੇ ਅਪਰਾਧ ਤੋਂ ਇਲਾਵਾ ਮਰਯਾਦਾ ਸਬੰਧੀ ਮਾਮਲਿਆਂ 'ਚ ਕਾਨੂੰਨੀ ਦਾਇਰੇ ਵਿਚ ਲਿਆਉਣਾ ਅਤਿ ਇਤਰਾਜ਼ਯੋਗ ਹੈ।

ਸਮੂਹ ਸਿੰਘ ਸਾਹਿਬਾਨ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਨੂੰ ਇਸ ਸੰਜੀਦਾ ਮਸਲੇ ਉੱਤੇ ਵਿਚਾਰ-ਮੰਥਨ ਦਾ ਸੁਝਾਅ ਦਿੰਦਿਆਂ ਕਿਹਾ ਕਿ ਸਿੱਖ ਭਾਵਨਾਵਾਂ ਅਨੁਸਾਰ ਕਾਨੂੰਨ ਵਿਚ ਸੋਧਾਂ ਕਰਨੀਆਂ ਕੌਮ ਦੇ ਭਲੇ ਵਿਚ ਹੈ, ਜਿਸ 'ਤੇ ਸਰਕਾਰ ਨੂੰ ਅੜੀ ਨਹੀਂ ਕਰਨੀ ਚਾਹੀਦੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਮੂਹ ਸਿੰਘ ਸਾਹਿਬਾਨ ਅਤੇ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੂਰੀ ਕੌਮ ਦੇ ਗ੍ਰੰਥੀ ਸਿੰਘਾਂ ਵੱਲੋਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾਦਾਰ ਧਿਰ ਗ੍ਰੰਥੀ ਸਿੰਘ ਕੌਮ ਦੀ ਰੀੜ ਦੀ ਹੱਡੀ ਵਾਂਗ ਹਨ, ਜਿਨ੍ਹਾਂ ਨੂੰ ਕਿਸੇ ਵੀ ਕਾਨੂੰਨ ਨਾਲ ਭੈਅਤੀਤ ਨਹੀਂ ਕਰਨਾ ਚਾਹੀਦਾ, ਸਗੋਂ ਅਜਿਹਾ ਕਾਨੂੰਨ ਹੋਣਾ ਚਾਹੀਦਾ ਹੈ ਜਿਸ ਨੂੰ ਪ੍ਰਚਾਰਨ ਅਤੇ ਪਾਲਣਾ ਲਈ ਗ੍ਰੰਥੀ ਸਿੰਘ ਸਾਹਿਬਾਨ ਇਸ ਦੀ ਪ੍ਰੋੜ੍ਹਤਾ ਕਰਨ। ਇਸ ਲਈ ਮੁੱਖ ਮੰਤਰੀ ਤੁਰੰਤ ਇਸ ਕਾਨੂੰਨ ਵਿੱਚੋਂ ਗ੍ਰੰਥੀ ਸ਼੍ਰੇਣੀ, ਸਿੱਖ ਸੰਸਥਾਵਾਂ, ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਦੇ ਵਿਰੁੱਧ ਜਾਂਦੀਆਂ ਮੱਦਾਂ ਖ਼ਤਮ ਕਰਨ ਦੀ ਪਹਿਲਕਦਮੀ ਕਰਨ।

ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ, ਐਡੀਸ਼ਨਲ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਮੌਜੂਦ ਸਨ।




# ਪੈਨਸ਼ਨਰਾਂ ਦਾ ਸਰਕਾਰ ਖ਼ਿਲਾਫ਼ ਗੱਜਦਾ ਐਲਾਨ"ਹੱਕਾਂ ਨਾਲ ਖਿਲਵਾੜ ਬਰਦਾਸ਼ਤ ਨਹੀਂ, 2027 ਵਿੱਚ ਦੇਵਾਂਗੇ ਕਰਾਰਾ ਜਵਾਬ"



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 10 ਮਈ ।**

ਸੀਨੀਅਰ ਸਿਟੀਜ਼ਨ ਅਤੇ ਪੈਨਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਤਰਨ ਤਾਰਨ ਦੀ ਮਹੀਨਾਵਾਰ ਮੀਟਿੰਗ ਬੱਸ ਅੱਡਾ ਤਰਨ ਤਾਰਨ ਵਿਖੇ ਜ਼ਿਲ੍ਹਾ ਪ੍ਰਧਾਨ ਅਜੀਤ ਸਿੰਘ ਢੋਟੀਆਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਜੱਸਾ ਸਿੰਘ ਕੱਦ ਗਿੱਲ ਵੱਲੋਂ ਬੜੀ ਸੁਚੱਜੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ ਗਈ।

ਮੀਟਿੰਗ ਦੀ ਸ਼ੁਰੂਆਤ ਆਤਮਾ ਸਿੰਘ ਦੇ ਅਚਾਨਕ ਦੇਹਾਂਤ 'ਤੇ ਡੂੰਘੇ ਦੁੱਖ ਦੇ ਪ੍ਰਗਟਾਵੇ ਨਾਲ ਕੀਤੀ ਗਈ। ਹਾਜ਼ਰ ਮੈਂਬਰਾਂ ਵੱਲੋਂ ਦੋ ਮਿੰਟ ਦਾ ਮੌਨ ਰੱਖ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਮੌਕੇ ਡਾ. ਐਨ. ਕੇ. ਕਲਸੀ ਵੱਲੋਂ ਕੋਰਟ ਵਿੱਚ ਪੈਨਸ਼ਨਰਾਂ ਦੇ ਹੱਕਾਂ ਲਈ ਕੀਤੀ ਗਈ ਮਦਦ ਦੀ ਭਰਪੂਰ ਸ਼ਲਾਘਾ ਕੀਤੀ ਗਈ। ਆਗੂਆਂ ਨੇ ਸਰਕਾਰ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਕੋਰਟ ਦੇ ਫ਼ੈਸਲੇ ਖ਼ਿਲਾਫ਼ ਐਲ.ਪੀ.ਏ. ਦਾਇਰ ਕਰਕੇ ਸਰਕਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਦੀ ਘੋਰ ਵਿਰੋਧੀ ਹੈ। ਉਨ੍ਹਾਂ ਕਿਹਾ ਕਿ ਹੁਣ ਤੋਂ ਹੀ 2027 ਦੀਆਂ ਚੋਣਾਂ ਵਿੱਚ ਸਰਕਾਰ ਨੂੰ ਸਬਕ ਸਿਖਾਉਣ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਅਤੇ ਸੂਬਾ ਪੱਧਰ 'ਤੇ ਵੱਡਾ ਸੰਘਰਸ਼ ਛੇੜਿਆ ਜਾਵੇਗਾ।

ਮੀਟਿੰਗ ਦੌਰਾਨ ਪੈਨਸ਼ਨਰ ਮਹਾਂਸੰਘ ਦੀ ਸਟੇਟ ਕਾਰਜਕਾਰਨੀ ਦੀ ਚੋਣ ਦਾ ਸਰਬਸੰਮਤੀ ਨਾਲ ਸਮਰਥਨ ਕੀਤਾ ਗਿਆ। ਇਸ ਦੇ ਨਾਲ ਹੀ ਜੱਸਾ ਸਿੰਘ ਕੱਦ ਗਿੱਲ ਅਤੇ ਗੁਰਮੇਜ਼ ਸਿੰਘ ਸਫੀਪੁਰ ਨੂੰ ਸਟੇਟ ਕਾਰਜਕਾਰਨੀ ਵਿੱਚ ਜ਼ਿੰਮੇਵਾਰੀ ਮਿਲਣ 'ਤੇ ਸਟੇਟ ਆਗੂਆਂ ਦਾ ਧੰਨਵਾਦ ਕੀਤਾ ਗਿਆ।

ਵਕਤਾਵਾਂ ਨੇ ਕਿਹਾ ਕਿ ਸਰਕਾਰ ਵੱਲੋਂ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਪ੍ਰਤੀ ਨਫ਼ਰਤ ਭਰਿਆ ਰਵੱਈਆ ਅਪਣਾਇਆ ਜਾ ਰਿਹਾ ਹੈ ਅਤੇ ਅਦਾਲਤਾਂ ਦੇ ਫ਼ੈਸਲੇ ਵੀ ਲਾਗੂ ਨਹੀਂ ਕੀਤੇ ਜਾ ਰਹੇ। ਉਨ੍ਹਾਂ ਦੋਸ਼ ਲਾਇਆ ਕਿ ਮੁਫ਼ਤ ਸਕੀਮਾਂ ਦੇ ਨਾਂ 'ਤੇ ਲੋਕਾਂ ਦੀਆਂ ਵੋਟਾਂ ਖਰੀਦਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦਕਿ ਲੋਕਾਂ ਨੂੰ ਰੋਜ਼ਗਾਰ ਦੇ ਕੇ ਖੁਦਮੁਖਤਿਆਰ ਬਣਾਉਣ ਦੀ ਲੋੜ ਹੈ। ਆਗੂਆਂ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਪੰਜਾਬ ਨੂੰ ਕਰਜ਼ੇ ਹੇਠ ਧੱਕ ਦਿੱਤਾ ਹੈ।

ਮੀਟਿੰਗ ਨੂੰ ਗੁਰਮੇਜ਼ ਸਿੰਘ, ਮਾਸਟਰ ਸਤਵਿੰਦਰ ਸਿੰਘ ਅਤੇ ਅੰਮ੍ਰਿਤਸਰ ਤੋਂ ਪਹੁੰਚੇ ਵਿਸ਼ੇਸ਼ ਆਗੂ ਕਾਮਰੇਡ ਜੋਗਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਮੋਹਿੰਦਰ ਸਿੰਘ, ਧਰਮ ਸਿੰਘ, ਲਖਾ ਸਿੰਘ, ਕੁਲਵੰਤ ਸਿੰਘ ਸਮੇਤ ਕਰੀਬ 100 ਮੈਂਬਰ ਹਾਜ਼ਰ ਸਨ। ਅਖੀਰ ਵਿੱਚ ਪ੍ਰਧਾਨ ਅਜੀਤ ਸਿੰਘ ਢੋਟੀਆਂ ਨੇ ਆਏ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਪੈਨਸ਼ਨਰਾਂ ਦੀ ਏਕਤਾ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

# ਕਲਚਰਲ ਅਕੈਡਮੀ ਵੱਲੋਂ ਪਿੰਡ ਜ਼ਲਡੂਰਾ, ਡੋਰੂ ਵਿਖੇ ਸਾਹਿਤਕ ਸਮਾਗਮ ਦੌਰਾਨ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਯਤਨ ਜਾਰੀ: ਪੋਪਿੰਦਰ ਸਿੰਘ ਪਾਰਸ



**ਬਰਨਾਲਾ (ਚੰਡਿਹੋਕ) ।**

ਬਰਨਾਲਾ (ਚੰਡਿਹੋਕ) ਬੀਤੇ ਦਿਨੀਂ ਜੰਮੂ-ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼ ਵੱਲੋਂ ਗੁਰਦੁਆਰਾ ਸਿੰਘ ਸਭਾ ਸਿੰਘ ਬਾਗ ਪਿੰਡ ਜ਼ਲਡੂਰਾ, ਤਹਿਸੀਲ, ਡੋਰੂ ਜ਼ਿਲ੍ਹਾ,ਅਨੰਤਨਾਗ ਵਿਖੇ ਕੀਰਤਨ ਅਤੇ ਕਵੀ ਦਰਬਾਰ ਸਮਰਪਿਤ 350ਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨਾ ਸੀ। ਇਸ ਮੌਕੇ 'ਤੇ ਨੌਜਵਾਨ ਪੀੜ੍ਹੀ ਨੂੰ ਆਪਣੇ ਮੂਲਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਗੁਰਬਾਣੀ ਕੀਰਤਨ ਨਾਲ ਹੋਈ, ਜਿਸ ਦੌਰਾਨ ਸਥਾਨਕ ਰਾਗੀ ਸਿੰਘਾਂ ਨੇ ਸ਼ਬਦ ਕੀਰਤਨ ਰਾਹੀਂ ਹਾਜ਼ਰੀਨ ਨੂੰ ਨਿਹਾਲ ਕੀਤਾ। ਇਸ ਤੋਂ ਬਾਅਦ ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਵੱਲੋਂ ਕਵਿਤਾਵਾਂ ਦਾ ਪਾਠ ਵੀ ਕੀਤਾ ਗਿਆ, ਜਿਸ ਨੂੰ ਸਰੋਤਿਆਂ ਵੱਲੋਂ ਕਾਫ਼ੀ ਸਰਾਹਿਆ ਗਿਆ।

ਇਸ ਮੌਕੇ 'ਤੇ ਪੰਜਾਬੀ ਦੇ ਚੀਫ਼ ਐਡੀਟਰ ਸ਼ੀਰਾਜ਼ਾ ਪੋਪਿੰਦਰ ਸਿੰਘ ਪਾਰਸ ਨੇ ਕਿਹਾ ਕਿ ਅਕੈਡਮੀ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ, ਭਾਸ਼ਾ ਅਤੇ ਸੱਭਿਆਚਾਰ ਨਾਲ ਜੋੜਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਆਪਣੀ ਸੱਭਿਆਚਾਰਕ ਪਹਿਚਾਣ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ ਅਤੇ ਇਸੇ ਉਦੇਸ਼ ਨਾਲ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਲਗਾਤਾਰ ਕਰਵਾਏ ਜਾਂਦੇ ਰਹਿਣਗੇ।

ਪ੍ਰੋਗਰਾਮ ਵਿੱਚ ਸਥਾਨਕ ਰਾਗੀ ਜਥਿਆਂ ਤੋਂ ਇਲਾਵਾ ਕਈ ਸਮਾਜਿਕ ਅਤੇ ਧਾਰਮਿਕ ਆਗੂ ਵੀ ਹਾਜ਼ਰ ਸਨ। ਸਕੱਤਰ ਸੰਦੀਪ ਸਿੰਘ , ਪ੍ਰਧਾਨ ਜਤਿੰਦਰ ਸਿੰਘ, ਗੁਰਦੀਪ ਸਿੰਘ, ਬੰਟੀ ਸਿੰਘ ਤੋਂ ਇਲਾਵਾ ਅਤੇ ਪਿੰਡ ਦੇ ਕਈ ਬਜ਼ੁਰਗ ਵੀ ਸ਼ਾਮਲ ਸਨ, ਜਿਨ੍ਹਾਂ ਨੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤ



## MSM CONVENT SCHOOL
DHUN ROAD, CHOHLA SAHIB, DISTT. TARN TARAN

Affiliated to CBSE New Delhi

**ADMISSION OPEN**

**PLAYWAY TO XII**

• Medical • Non-Medical
• Commerce • Arts Stream




*Age criteria as on 31st March

Playway : 2+ Years | Nursery : 3 to 4 Years
LKG : 4 to 5 Years | UKG : 5 to 6 Years

FREE ADMISSION IN PLAYWAY NURSERY & LKG for First 50 seats only

- Digital & Smart School • Parent's Orientation
- Emphasis on Creativity, Innovation, Public Speaking & Theatre
- Extensive Sports facilities like Cricket, Basketball, Kabaddi, Wrestling, Badminton, Football, Chess etc.
- FAP State Award for best sports facilities
- FAP National Award for budget-friendly School
- Holistic Development through Experiential Learning

50% Off IN ADMISSION CHARGES FOR ALL CLASSES for First 50 seats only

For Career opportunity : msmconventschool@gmail.com

Limited Seats Available
So Hurry Up! Call Now : 8288073538
msmconventschool@gmail.com
www.msmconventschool.com



ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ

## ਗੁਰੂ ਅਰਜਨ ਦੇਵ ਖਾਲਸਾ ਕਾਲਜ
ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ

ਸ੍ਰ. ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋ. ਗੁ. ਪ੍ਰਬੰਧਕ ਕਮੇਟੀ

ਜਥੇ. ਗੁਰਬਚਨ ਸਿੰਘ ਕਰਮੂੰਵਾਲਾ
ਮੈਂਬਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ

**Courses Offered**
Post Graduation : • M.Sc. (Comp. Sci.) • M.Com.
Graduation : • BCA • B.Sc.(IT) • B.Sc. (Comp. Sci.) • B.Sc. (Eco.) • B.Sc. (N.Med.) • BBA • B.Com. • B.A.
Diploma : • DCA • PGDCA • DST
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ

**10+1 & 10+2**
Medical, Non-Medical, Commerce and Arts
ਪੰਜਾਬ ਸਕੂਲ ਸਿਖਿਆ ਬੋਰਡ ਤੋਂ ਮਾਨਤਾ ਪ੍ਰਾਪਤ

- Diploma in Artificial Intelligence
- Diploma in Cyber Security
- Certification Course in Digital Marketing
- Certification Course in Nanny Care

Affiliated to Jagat Guru Nanak Dev Punjab State Open University, Patiala

**ਵਿਸ਼ੇਸ਼ਤਾਵਾਂ**
- ਬਹੁਤ ਘੱਟ ਫ਼ੀਸਾਂ ਅਤੇ ਵੱਧ ਸਹੂਲਤਾਂ
- ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼
- ਕੌਮਾਂਤਰੀ ਪੱਧਰ ਦੇ ਖੇਡ ਮੈਦਾਨ
- ਅਤਿ-ਅਧੁਨਿਕ ਕੰਪਿਊਟਰ, ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਲੈਬ
- ਅਨੁਸੂਚਿਤ ਜਾਤੀ ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫਾ
- ਵਿਦਿਆਰਥੀਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਆਏ ਵਿਦਿਆਰਥੀਆਂ, ਸਕੇ ਭੈਣ-ਭਰਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਫੀਸਾਂ ਵਿਚ ਵਿਸ਼ੇਸ਼ ਰਿਆਇਤ

ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਖ਼ਾਸ ਵਜ਼ੀਫਾ
10+1 ਅਤੇ 10+2 : 5000/- ਰੁਪਏ
ਗ੍ਰੈਜੂਏਸ਼ਨ ਕੋਰਸ : 8000/- ਰੁਪਏ
ਪੋਸਟ ਗ੍ਰੈਜੂਏਸ਼ਨ ਕੋਰਸ : 10000/- ਰੁਪਏ



ਵਿਦਿਆ ਦਾ ਗੁਰੂਕੁਲ ਗਿਆਨ ਦਾ ਸਾਗਰ
## ਸ਼ਿਪਸ ਇੰਸਟੀਚਿਊਟਸ, ਰਾਣੀਵਲਾਹ
ਤਰਨ ਤਾਰਨ

## SHIPS LONDON KIDS PLAY PEN SCHOOL

*What makes us Special?*
- Loving and Caring Environment
- Dedicated Teachers and Staff
- Individual Education Plans
- Smart Class Room
- Creative Corner
- Big Outdoor Play Area

*Admission Open*

There is no Better Secure, Safe and Fun Place to Leave your Kid than in this School

Transport Facility Available



ਗੁਲਵਿੰਦਰ ਸਿੰਘ ਸੰਧੂ
ਡਾਇਰੈਕਟਰ

ਨਿਰਭੈਅ ਸਿੰਘ
ਪ੍ਰਿੰਸੀਪਲ

School Time : 10-00 am to 12-00 p.m.

Village Raniwallah, Chohla Sahib, TARN TARAN.
Mob. : 98148-64435, 98148-64437



## ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ
ਸਰਹਾਲੀ, ਜ਼ਿਲ੍ਹਾ : ਤਰਨ ਤਾਰਨ (ਪੰਜਾਬ) 143410
ਸਰਹਾਲੀ ESTD. 1970
Website : ggskcsarhali.ac.in E-mail : ggscollegesarhali@yahoo.co.in

For Free Registration : Scan QR Code using WhatsApp Camera

ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ-ਗੈਜੂਏਟ ਪੱਧਰ ਤੱਕ ਦੇ ਕੋਰਸ ਚੱਲ ਰਹੇ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ ਗ੍ਰਾਂਟ-ਇਨ-ਏਡ-ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ (ਭਾਰਤ ਸਰਕਾਰ) ਤੋਂ ਸਹਾਇਤਾ ਪ੍ਰਾਪਤ ਕੋ-ਐਜੂਕੇਸ਼ਨਲ ਕਾਲਜ ਹੈ।

### ਸੈਸ਼ਨ 2025-26 ਲਈ ਰਜਿਸਟ੍ਰੇਸ਼ਨ ਅਤੇ ਦਾਖ਼ਲਾ ਸ਼ੁਰੂ
10+1, 10+2 (ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ)

❖ B.A. ❖ B.C.A. ❖ M.Com. ❖ P.G.D.C.A.
❖ B.Sc. (N.M.) ❖ B.Com. ❖ M.A. (Pbi.) ❖ D.C.A.
❖ B.Sc. (C.Sc.) ❖ B.Sc. (Eco.) ❖ M.Sc. (IT) ❖ D.S.T.

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਕੋਰਸ

❖ B.C.A. ❖ M.A. (Pbi.) ❖ D.I.T. ❖ D.F.D.
❖ B.Com. ❖ M.A. (Eng.) ❖ M.Sc. (C.Sc.) ❖ C.G.S.T.
❖ B.B.A. ❖ M.C.A. ❖ M.B.A.
❖ Diploma in Care Giver (Old Age Care)
❖ Diploma in Nanny Care (Early Childhood Care)

**ਵਿਸ਼ੇਸ਼ ਸਹੂਲਤਾਂ**
❖ ਦਸਵੀਂ/ਬਾਰਵੀਂ ਚੋਂ 90% ਤੋਂ ਵਧੇਰੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 25% ਤੱਕ ਫ਼ੀਸ ਵਿੱਚ ਛੋਟ ਦਿੱਤੀ ਜਾਵੇਗੀ।
❖ ਇੱਕੋ ਪਰਿਵਾਰ ਦੇ ਸਕੇ ਭੈਣ ਭਰਾ ਨੂੰ ਫ਼ੀਸ ਵਿਚ ਵਿਸ਼ੇਸ਼ ਰਿਆਇਤ।
❖ ਅਨੁਸੂਚਿਤ ਸ਼੍ਰੇਣੀ (S.C.) ਦੇ ਯੋਗ ਵਿਦਿਆਰਥੀਆਂ ਨੂੰ ਪੰਜਾਬ/ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਵਜ਼ੀਫ਼ੇ ਦੀ ਸਹੂਲਤ।
❖ ਗ਼ੈਰ ਸਰਕਾਰੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਵੱਲੋਂ ਵਿਦਿਆਰਥੀਆਂ ਲਈ ਵਜ਼ੀਫ਼ੇ/ਆਰਥਿਕ ਸਹਾਇਤਾ ਦੀ ਸਹੂਲਤ।
❖ N.C.C., N.S.S., Gym, ਬੁੱਕਸ਼ਾਪ, ਕੈਫ਼ੇਟੇਰੀਆ ਅਤੇ ਖੇਡਾਂ ਦੀ ਵਿਸ਼ੇਸ਼ ਸਹੂਲਤ। ਉੱਚ ਯੋਗਤਾ ਪ੍ਰਾਪਤ, ਤਜ਼ਰਬੇਕਾਰ ਅਤੇ ਮੇਹਨਤੀ ਸਟਾਫ਼।

ਸ. ਹਰਜਿੰਦਰ ਸਿੰਘ (ਆਨਰੇਰੀ ਸਕੱਤਰ) (ਮੋ): 98781-70700
Helpline No. : 95011-03467, 98780-68015, 94179-36759, 81469-99004
ਡਾ. ਜਸਬੀਰ ਸਿੰਘ ਗਿੱਲ (ਪ੍ਰਿੰਸੀਪਲ) (ਮੋ): 95017-46500



## ਵੈਬਸਾਇਟ ਬਣਵਾਉਣ ਲਈ ਸੰਪਰਕ ਕਰੋ
+91 99881 82740



## CALLSTEM SOFTWARE LLP
Unlock your business's true potential with our expertise. Join us today and watch your brand soar!

OUR SERVICES
- Web Design and Development
- Mobile Application Development
- Social Media Management & Marketring
- Graphics Designing
- Custom Software Solutions

Contact - 9463661542